ਇਸ ਤੋਂ ਪਹਿਲਾਂ ਸਮਾਰੋਹ ਨੂੰ ਸੰਬੋਧਿਤ ਕਰਦਿਆਂ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਪੱਛਮੀ ਬੰਗਾਲ ਸਥਾਪਨਾ ਦਿਵਸ ਦੇ ਮੌਕੇ 'ਤੇ ਸਾਰਿਆਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਵੱਖ-ਵੱਖ ਰਾਜਾਂ ਦੇ ਸਥਾਪਨਾ ਦਿਵਸ ਮਨਾਉਣ ਦੀ ਪਰਿਕਲਪਨਾ ਦਾ ਸਿਹਰਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਜਾਂਦਾ ਹੈ, ਜਿਨ੍ਹਾਂ ਨੇ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਇਸ ਨਵੀਨਤਾਕਾਰੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ। ਇਸ ਪਹਿਲਕਦਮੀ ਰਾਹੀਂ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਸੱਭਿਆਚਾਰ, ਪਰੰਪਰਾਵਾਂ, ਭਾਸ਼ਾ, ਕਲਾ ਅਤੇ ਵਿਰਾਸਤ ਨੂੰ ਜਾਣਨ ਅਤੇ ਸਮਝਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਦੇਸ਼ ਦੇ ਸਮਾਜਿਕ, ਸੱਭਿਆਚਾਰਕ, ਸਾਹਿਤਕ ਅਤੇ ਰਾਸ਼ਟਰੀ ਜੀਵਨ ਨੂੰ ਅਮੀਰ ਬਣਾਉਣ ਵਿੱਚ ਪੱਛਮੀ ਬੰਗਾਲ ਦੇ ਮਹੱਤਵਪੂਰਨ ਯੋਗਦਾਨ 'ਤੇ ਵੀ ਚਾਨਣਾ ਪਾਇਆ। ਪੱਛਮੀ ਬੰਗਾਲ ਨੇ ਭਾਰਤ ਦੇ ਨਵਜਾਗਰਣ ਦੀ ਅਗਵਾਈ ਕੀਤੀ - ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੱਛਮੀ ਬੰਗਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਹ ਸਿਰਫ਼ ਇੱਕ ਉਤਸਵ ਦਾ ਮੌਕਾ ਨਹੀਂ ਹੈ, ਸਗੋਂ ਉਸ ਮਹਾਨ ਧਰਤੀ ਨੂੰ ਨਮਨ ਕਰਨ ਦਾ ਦਿਨ ਹੈ ਜਿਸ ਨੇ ਭਾਰਤ ਨੂੰ ਸੋਚਣਾ ਸਿਖਾਇਆ, ਜਾਗਣਾ ਸਿਖਾਇਆ ਅਤੇ ਬੇਇਨਸਾਫ਼ੀ ਵਿਰੁੱਧ ਸੰਘਰਸ਼ ਕਰਨਾ ਸਿਖਾਇਆ। ਉਨ੍ਹਾਂ ਕਿਹਾ ਕਿ ਇਹ ਉਹੀ ਧਰਤੀ ਹੈ ਜਿਸ ਨੇ ਗੁਰੂਦੇਵ ਰਵਿੰਦਰ ਨਾਥ ਟੈਗੋਰ ਦਿੱਤੇ ਜਿਨ੍ਹਾਂ ਦੇ ਸ਼ਬਦਾਂ ਨੇ ਰਾਸ਼ਟਰ ਦੀ ਆਤਮਾ ਨੂੰ ਜਗਾਇਆ। ਜਿਸ ਨੇ ਸਵਾਮੀ ਵਿਵੇਕਾਨੰਦ ਵਰਗੇ ਮਹਾਨ ਸੰਤ ਨੂੰ ਜਨਮ ਦਿੱਤਾ, ਜਿਨ੍ਹਾਂ ਦੇ ਓਜਸਵੀ ਵਿਚਾਰਾਂ ਅਤੇ ਇਤਿਹਾਸਕ ਸੰਬੋਧਨ ਨੇ ਪੂਰੀ ਦੁਨੀਆ ਵਿੱਚ ਭਾਰਤ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਪਛਾਣ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ। ਇਹ ਉਹੀ ਧਰਤੀ ਹੈ ਜਿਸ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਵਰਗੇ ਅਦੁੱਤੀ ਸੁਤੰਤਰਤਾ ਸੈਨਾਨੀ ਦਿੱਤੇ, ਜਿਨ੍ਹਾਂ ਦੀ ਅਪੀਲ - ÷ਤੁਸੀਂ ਮੈਨੂੰ ਖੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ÷—ਅੱਜ ਵੀ ਦੇਸ਼ ਵਾਸੀਆਂ ਦੇ ਦਿਲਾਂ ਵਿੱਚ ਰਾਸ਼ਟਰ ਭਗਤੀ ਦੀ ਭਾਵਨਾ ਦਾ ਸੰਚਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਰਾਮਕ੍ਰਿਸ਼ਨ ਪਰਮਹੰਸ ਦਿੱਤੇ ਜਿਨ੍ਹਾਂ ਦੀ ਕਿਰਪਾ ਨਾਲ ਬੰਗਾਲ ਅਧਿਆਤਮਿਕਤਾ ਦੀ ਰਾਜਧਾਨੀ ਬਣਿਆ।

ਮੁੱਖ ਮੰਤਰੀ ਨੇ ਕਿਹਾ ਕਿ ਬੰਗਾਲ ਨੇ ਭਾਰਤ ਦੇ ਨਵਜਾਗਰਣ ਵਿੱਚ ਨਾ ਸਿਰਫ਼ ਭਾਗੀਦਾਰੀ ਕੀਤੀ, ਸਗੋਂ ਉਸ ਦੀ ਅਗਵਾਈ ਵੀ ਕੀਤੀ। ਸਾਹਿਤ, ਕਲਾ, ਸਿੱਖਿਆ, ਸਮਾਜ ਸੁਧਾਰ ਅਤੇ ਸੁਤੰਤਰਤਾ ਅੰਦੋਲਨ ਦੇ ਖੇਤਰ ਵਿੱਚ ਪੱਛਮੀ ਬੰਗਾਲ ਦਾ ਯੋਗਦਾਨ ਅਦੁੱਤੀ ਰਿਹਾ ਹੈ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
**PRGI (RNI) Regd. No. 57283/1994** -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
**PRGI (RNI) Regd. No. 57283/1994** -ਸੰਪਾਦਕ: ਜਸਕੀਰਤ ਸਿੰਘ

# ਧਰਮ ਤੇ ਵਿਰਸਾ

## ਗੁਰਬਾਣੀ ਦੀ ਸੱਚੀ-ਸੁੱਚੀ ਸਾਧਕ ਬੀਬੀ ਅਮਰੋ ਜੀ



**ਰਮੇਸ਼ ਬੱਗਾ ਚੋਹਲਾ**

ਸਿੱਖ ਧਰਮ ਵਿੱਚ ਔਰਤਾਂ ਦਾ ਸਤਿਕਾਰਯੋਗ ਸਥਾਨ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ, "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥"

ਗੁਰੂ ਸਾਹਿਬ ਦੀ ਇਸ ਇਨਕਲਾਬੀ ਸੋਚ ਵਿੱਚੋਂ ਪੈਦਾ ਹੋਈ ਔਰਤ ਦੀ ਸਤਿਕਾਰਤ ਹਸਤੀ ਕਾਰਨ ਬਹੁਤ ਸਾਰੀਆਂ ਬੀਬੀਆਂ ਦਾ ਸਿੱਖ ਧਰਮ ਨਾਲ ਡੂੰਘਾ ਤੇ ਸਦੀਵੀ ਸਬੰਧ ਰਿਹਾ ਹੈ। ਗੁਰੂ ਨਾਨਕ ਦੇ ਘਰ/ਵਿਚਾਰਧਾਰਾ ਨਾਲ ਜੁੜੀਆਂ ਔਰਤਾਂ ਵਿੱਚ ਹੀ ਸ਼ਾਮਲ ਹੈ, ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ।

ਗੁਰੂ ਅਮਰਦਾਸ ਜੀ ਨੂੰ ਗੁਰਸਿੱਖੀ ਵਿੱਚ ਉਭਾਰਨ ਵਾਲੀ ਬੀਬੀ ਅਮਰੋ ਦਾ ਜਨਮ 1532 ਵਿੱਚ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਦੇ ਘਰ ਇਤਿਹਾਸਕ ਨਗਰ ਖਡੂਰ ਸਾਹਿਬ ਵਿੱਚ ਹੋਇਆ। ਘਰੇਲੂ ਮਾਹੌਲ ਧਾਰਮਿਕ ਹੋਣ ਕਰਕੇ ਉਨ੍ਹਾਂ ਦਾ ਬਚਪਨ ਵੀ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਸੀ। ਗੁਰੂ ਅੰਗਦ ਦੇਵ ਜੀ ਜਿੱਥੇ ਬੱਚਿਆਂ ਨੂੰ ਗੁਰਮੁਖੀ ਦੀ ਪੜ੍ਹਾਈ ਕਰਵਾਇਆ ਕਰਦੇ ਸਨ, ਉਥੇ ਹੀ ਉਨ੍ਹਾਂ ਨੂੰ ਗੁਰਬਾਣੀ ਵੀ ਕੰਠ ਕਰਵਾਇਆ ਕਰਦੇ ਸਨ। ਬੀਬੀ ਅਮਰੋ ਜੀ ਨੇ ਆਪਣੀ ਮੁੱਢਲੀ ਤਾਲੀਮ ਵੀ ਗੁਰੂ ਪਿਤਾ ਕੋਲੋਂ ਹੀ ਹਾਸਲ ਕੀਤੀ। ਮਾਤਾ ਖੀਵੀ ਜੀ ਵੱਲੋਂ ਮਿਲੀ ਸੁਚੱਜੀ ਅਗਵਾਈ ਸਦਕਾ ਬੀਬੀ ਜੀ ਨੂੰ ਬਹੁਤ ਸਾਰੀ ਗੁਰਬਾਣੀ ਕੰਠ ਹੋ ਗਈ ਸੀ। ਉਮਰ ਦੇ ਵਧਣ ਦੇ ਨਾਲ ਬੀਬੀ ਅਮਰੋ ਜੀ ਉੱਪਰ ਗੁਰਮਤਿ ਦਾ ਰੰਗ ਹੋਰ ਗੂੜ੍ਹਾ ਚੜ੍ਹਨ ਲੱਗਾ। ਚੁੱਲ੍ਹਾ-ਚੌਂਕਾ ਕਰਦਿਆਂ ਵੀ ਉਹ ਆਪਣੀ ਸੁਰਤ ਪਰਮਾਤਮਾ ਨਾਲ ਜੋੜੀ ਰੱਖਦੇ ਸਨ। ਇਸ ਲਗਾਵ ਕਾਰਨ ਹੀ 'ਸੂਰਜ ਪ੍ਰਕਾਸ਼' ਦੇ ਲਿਖਾਰੀ ਭਾਈ ਸੰਤੋਖ ਸਿੰਘ ਨੇ ਬੀਬੀ ਜੀ ਨੂੰ 'ਭਗਤੀ ਦਾ ਜਿਊਂਦਾ-ਜਾਗਦਾ ਸਰੂਪ' ਕਿਹਾ ਹੈ। ਉਨ੍ਹਾਂ ਨੇ ਲਿਖਿਆ ਹੈ, "ਇੰਜ ਲੱਗਦਾ ਹੈ ਜਿਵੇਂ ਭਗਤੀ ਨੇ ਸਰੀਰਕ ਰੂਪ ਧਾਰਨ ਕਰ ਕੇ ਗੁਰੂ ਅੰਗਦ ਦੇਵ ਜੀ ਦੇ ਘਰ ਜਨਮ ਲੈ ਲਿਆ ਹੋਵੇ।"

ਬੀਬੀ ਅਮਰੋ ਜੀ ਦਾ ਆਨੰਦ-ਕਾਰਜ ਪਿੰਡ ਬਾਸਰਕੇ ਗਿੱਲਾਂ ਦੇ ਵਸਨੀਕ ਭਾਈ ਮਾਣਕ ਚੰਦ (ਗੁਰੂ ਅਮਰਦਾਸ ਜੀ ਦੇ ਛੋਟੇ ਭਰਾਤਾ) ਦੇ ਸਪੁੱਤਰ ਭਾਈ ਜੱਸੂ ਨਾਲ ਹੋਇਆ। ਇਹ ਪਿੰਡ ਗੁਰੂ ਰਾਮਦਾਸ ਜੀ ਦਾ ਨਾਨਕਾ ਪਿੰਡ ਵੀ ਹੈ।

ਬੀਬੀ ਅਮਰੋ ਜੀ ਨੂੰ ਹੁਣ ਤਕ ਬਹੁਤ ਸਾਰੀ ਗੁਰਬਾਣੀ ਕੰਠ ਹੋ ਚੁੱਕੀ ਸੀ ਅਤੇ ਉਨ੍ਹਾਂ ਦਾ ਗਲਾ ਵੀ ਬਹੁਤ ਸੁਰੀਲਾ ਸੀ। ਜਦੋਂ ਉਹ ਬਾਣੀ ਪੜ੍ਹਦੇ ਤਾਂ ਸੁਣਨ ਵਾਲਿਆਂ ਦੇ ਹਿਰਦੇ ਆਤਮਿਕ ਆਨੰਦ ਨਾਲ ਭਰ ਜਾਂਦੇ ਸਨ। ਇਸੇ ਤਰ੍ਹਾਂ ਦਾ ਆਤਮਿਕ ਆਨੰਦ ਇੱਕ ਦਿਨ ਗੁਰੂ ਅਮਰਦਾਸ ਜੀ ਨੂੰ ਵੀ ਆਇਆ ਸੀ, ਜਦੋਂ ਉਨ੍ਹਾਂ ਨੇ ਬੀਬੀ ਜੀ ਦੇ ਮੁਖ਼ਾਰਬਿੰਦ ਵਿੱਚੋਂ ਗੁਰੂ ਨਾਨਕ ਦੇਵ ਜੀ ਦਾ ਮਾਰੂ ਰਾਗ ਵਿੱਚ ਉਚਾਰਨ ਕੀਤਾ ਸ਼ਬਦ 'ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ' ਸੁਣਿਆ। ਇਨ੍ਹਾਂ ਦਿਨਾਂ ਵਿੱਚ ਉਨ੍ਹਾਂ ਨੂੰ ਇੱਕ ਬ੍ਰਹਮਚਾਰੀ ਸਾਧੂ ਨੇ ਨਿਗੁਰੇ ਹੋਣ ਦਾ ਮਿਹਣਾ ਮਾਰਿਆ ਸੀ ਅਤੇ ਉਹ ਇੱਕ ਸੱਚੇ ਗੁਰੂ ਦੀ ਭਾਲ ਵਿੱਚ ਸਨ। ਇਹ ਸ਼ਬਦ ਸੁਣ ਕੇ ਉਨ੍ਹਾਂ ਨੂੰ ਗੁਰੂ ਦੀ ਮਹੱਤਤਾ ਬਾਰੇ ਸਮਝ ਆ ਗਈ ਅਤੇ ਉਨ੍ਹਾਂ ਨੇ ਬੀਬੀ ਅਮਰੋ ਜੀ ਕੋਲੋਂ ਉਸ ਸ਼ਬਦ ਦੇ ਸਿਰਜਣਹਾਰ ਬਾਰੇ ਜਾਣਕਾਰੀ ਹਾਸਲ ਕੀਤੀ।

ਬੀਬੀ ਜੀ ਨੇ ਦੱਸਿਆ ਕਿ 'ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਆ ਹੋਇਆ ਹੈ, ਜਿਨ੍ਹਾਂ ਦੀ ਗੱਦੀ ਉਪਰ ਹੁਣ ਗੁਰੂ ਪਿਤਾ (ਗੁਰੂ ਅੰਗਦ ਦੇਵ) ਜੀ ਬਿਰਾਜਮਾਨ ਹਨ।' ਇਹ ਸੁਣ ਕੇ ਉਨ੍ਹਾਂ ਨੇ ਬੀਬੀ ਅਮਰੋ ਜੀ ਨੂੰ ਨਾਲ ਲਿਆ ਤੇ ਪਿੰਡ ਬਾਸਰਕੇ ਗਿੱਲਾਂ ਤੋਂ ਗੁਰੂ ਕੀ ਨਗਰੀ ਖਡੂਰ ਸਾਹਿਬ ਨੂੰ ਚਾਲੇ ਪਾ ਦਿੱਤੇ। ਇੱਥੇ ਪਹੁੰਚ ਕੇ ਜਦੋਂ ਬਾਬਾ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਦੀ ਭਟਕਣ ਖ਼ਤਮ ਹੋ ਗਈ। ਉਨ੍ਹਾਂ ਦੀ ਉਮਰ ਉਸ ਵਕਤ ਛੇ ਦਹਾਕੇ ਪਾਰ ਕਰ ਚੁੱਕੀ ਸੀ ਅਤੇ ਗੁਰੂ ਅੰਗਦ ਦੇਵ ਜੀ ਅਜੇ 37 ਸਾਲ ਦੇ ਹੀ ਸਨ। ਗੁਰੂ ਸਾਹਿਬ ਦੇ ਚਰਨਾਂ ਵਿੱਚ ਰਹਿ ਕੇ ਬਾਬਾ ਜੀ ਨੇ ਸੇਵਾ ਅਤੇ ਸਿਮਰਨ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਲਿਆ ਅਤੇ 11-12 ਸਾਲ ਦੀ ਸਖ਼ਤ ਘਾਲਣਾ ਤੋਂ ਬਾਅਦ ਪਰਮਪਦ (ਗੁਰਿਆਈ) ਪਦਵੀ ਤਕ ਪਹੁੰਚ ਗਏ। ਇਸ ਪਦਵੀ ਦੀ ਪ੍ਰਾਪਤੀ ਨਾਲ ਜਿੱਥੇ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇ ਦਰਬਾਰ ਵਿੱਚੋਂ ਰੱਜਵਾਂ ਸਤਿਕਾਰ ਮਿਲਿਆ, ਉੱਥੇ ਸਿੱਖ ਇਤਿਹਾਸ ਵਿੱਚ ਬੀਬੀ ਅਮਰੋ ਜੀ ਨੂੰ ਵੀ ਵਿਸ਼ੇਸ਼ ਅਤੇ ਵੱਖਰੀ ਪਛਾਣ ਮਿਲ ਗਈ।

ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਵਾਲੇ ਬੀਬੀ ਅਮਰੋ ਜੀ ਨੇ ਆਪਣਾ ਅੰਤਿਮ ਸਵਾਸ ਆਪਣੇ ਸਹੁਰੇ ਪਿੰਡ ਬਾਸਰਕੇ ਗਿੱਲਾਂ ਵਿੱਚ ਲਿਆ, ਜਿੱਥੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ। ਇਸ ਨੂੰ ਬੀਬੀ ਅਮਰੋ ਜੀ ਦਾ ਦੇਹਰਾ ਵੀ ਕਿਹਾ ਜਾਂਦਾ ਹੈ।

**ਸੰਪਰਕ: 9463132719**

## ਸੱਚਾਈ

ਸੱਚਾਈ ਪਰਮਾਤਮਾ ਵੱਲੋਂ ਦਿੱਤੀ ਗਈ ਉਹ ਸ਼ਕਤੀ ਹੈ ਜਿਸ ਨੂੰ ਸੰਸਾਰੀ ਇੱਛਾਵਾਂ ਦੀ ਕੋਈ ਵੀ ਤਲਵਾਰ ਵੱਢਣ-ਟੁੱਕਣ ਦਾ ਸਾਹਸ ਨਹੀਂ ਕਰ ਸਕਦੀ। ਸੱਚ ਉਹ ਕਵਚ ਹੈ ਜਿਸ 'ਤੇ ਝੂਠ, ਫਰੇਬ, ਅਨਾਸਥਾ, ਦੁਰਾਚਾਰ, ਮਾੜੇ ਵਿਚਾਰ, ਪਾਪ, ਪਛਤਾਵਾ ਤੇ ਈਰਖਾ ਰੂਪੀ ਕਿਲੇ ਟਕਰਾ ਕੇ ਚਕਨਾਚੂਰ ਹੋ ਜਾਂਦੇ ਹਨ। ਸੱਚ ਬੋਲਣਾ ਅਤੇ ਸੁਣਨਾ ਦੋਵੇਂ ਹੀ ਮੁਸ਼ਕਿਲ ਹਨ। ਸੱਚ ਇਕੱਲਾ ਹੁੰਦਾ ਹੋਇਆ ਵੀ ਸੱਤਾ ਦਾ ਸਵਾਮੀ ਹੁੰਦਾ ਹੈ। ਸੱਚ ਕਹਿਣ ਅਤੇ ਸਹਿਣ ਵਾਲੇ ਵਿਅਕਤੀ ਦਾ ਜੀਵਨ ਭਾਵੇਂ ਖ਼ੁਦ ਲਈ ਕੰਡਿਆਂ ਭਰਿਆ ਹੋਵੇ ਪਰ ਦੂਸਰਿਆਂ ਲਈ ਚਰਿੱਤਰ, ਆਦਰਸ਼ ਤੇ ਸਥਾਪਨਾਵਾਂ ਦਾ ਮਾਰਗ ਬਣਾਉਂਦੇ ਹੋਏ ਉਹ ਗਿਆਨਪੁੰਜ ਬਣ ਕੇ ਦਿਸ਼ਾ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। 'ਸ਼ਤਪਥ ਬ੍ਰਾਹਮਣ' ਵਿਚ ਕਿਹਾ ਗਿਆ ਹੈ ਕਿ ਸਤਯਮੇਵ ਦੇਵਾ (ਸੱਚ ਹੀ ਦੇਵਤਾ ਹੈ)। ਸੱਚ ਹੀ ਤਪ ਅਤੇ ਸਾਧਨਾ ਦੀਆਂ ਪੌੜੀਆਂ ਰਾਹੀਂ ਮਾਰਗ ਬਣਾਉਂਦਾ ਹੋਇਆ ਆਸਥਾ, ਵਿਸ਼ਵਾਸ ਦਾ ਮਾਰਗ ਬਣ ਦੇਵ ਦਰਬਾਰ ਤਕ ਪਹੁੰਚਾਉਣ ਦਾ ਗਾਰੰਟੀਸ਼ੁਦਾ ਥੰਮ੍ਹ ਹੈ। ਝੂਠ ਤੁਰੰਤ ਸਵਾਰਥ ਦੀ ਪੂਰਤੀ ਕਰਾ ਕੇ ਪਲ਼ ਭਰ ਦੇ ਸੁਖ ਦਾ ਸਵਾਮੀ ਬਣਾ ਦਿੰਦਾ ਹੈ, ਪਰ ਲੰਮੇ ਸਮੇਂ ਲਈ ਦੁੱਖ ਤੇ ਤਸੀਹੇ ਝੋਲੀ ਵਿਚ ਪਾ ਦਿੰਦਾ ਹੈ। ਸੱਚ ਦੇ ਰਾਹ 'ਤੇ ਚੱਲਣ ਵਾਲੇ ਨੂੰ ਫਲਸਰੂਪ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਸੱਚ ਸੰਖਿਆਤਮਕ ਦੇ ਮੁਕਾਬਲੇ ਗੁਣਾਤਮਕ ਤੇ ਦੂਰਗਾਮੀ ਹੁੰਦਾ ਹੈ। ਵਿਚਾਰਕ ਤੇ ਗਣਿਤ ਮਾਹਿਰ ਪਾਈਥਾਗੋਰਸ ਦਾ ਮੰਨਣਾ ਹੈ ਕਿ ਸੱਚ ਪ੍ਰਭੂ ਦੀ ਆਤਮਾ ਅਤੇ ਪ੍ਰਕਾਸ਼ ਉਸ ਦੀ ਦੇਹ ਹੈ। ਝੂਠ ਦੇ ਮਾਰਗ 'ਤੇ ਚੱਲਣ ਵਾਲਾ ਭੀੜ ਵਿਚ ਵੀ ਖ਼ੁਦ ਨੂੰ ਇਕੱਲਾ ਮਹਿਸੂਸ ਕਰਦਾ ਹੈ। ਸੱਚਾਈ ਦੇ ਮਾਰਗ 'ਤੇ ਚੱਲਣ ਵਾਲਾ ਵਿਅਕਤੀ ਇਕੱਲਾ ਰਹਿੰਦਾ ਹੋਇਆ ਵੀ ਖ਼ੁਦ ਨੂੰ ਸਰਬ-ਸ਼ਕਤੀਮਾਨ ਮਹਿਸੂਸ ਕਰਦਾ ਹੈ। ਸੱਚ ਆਪਣੇ ਮੂਲ ਵਿਚ ਜਿੱਤ ਦੀ ਉਮੀਦ ਲੈ ਕੇ ਪੈਦਾ ਹੁੰਦਾ ਹੈ। ਮੁੰਡਕੋਪਨਿਸ਼ਦ ਅਨੁਸਾਰ ਸੱਚ ਦੀ ਹੀ ਜਿੱਤ ਹੁੰਦੀ ਹੈ। ਝੂਠ ਦੇ ਡਰਾਉਣੇ ਪਹਾੜ ਵੀ ਸੱਚ ਦਾ ਬਾਲ-ਬਾਂਕਾ ਨਹੀਂ ਕਰ ਸਕਦੇ ਪਰ ਸੱਚ ਦਾ ਇਕ ਧੁਖਦਾ ਅੰਗਾਰਾ ਵੀ ਆਨੰਦ ਸੱਤਾ ਸਮੇਟੀ ਕਿਲਿਆਂ ਦੀ ਲੜੀ ਨੂੰ ਪਲ ਵਿਚ ਭਸਮ ਕਰਨ ਦੀ ਤਾਕਤ ਰੱਖਦਾ ਹੈ। ਸੱਚ ਦੇ ਮਿੱਤਰ ਭਾਵੇਂ ਘੱਟ ਹੁੰਦੇ ਹਨ ਪਰ ਉਹ ਕਦੇ ਨਾ ਹਾਰਨ ਵਾਲੇ ਹਨ। ਸੱਚ ਪ੍ਰਭੂ ਤੇ ਪ੍ਰਭੁੱਤਾ ਦਾ ਬਦਲ ਹੈ।

**-ਡਾ. ਦਿਨੇਸ਼ ਚੋਲਾ 'ਸ਼ੈਲੇਸ਼'**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ

-ਪ੍ਰੋ. ਕਿਰਪਾਲ ਸਿੰਘ ਬਡੂੰਗਰ
ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।



ਸੰਸਾਰ ਵਿਚ ਜਿੰਨੇ ਵੀ ਮੁੱਖ ਧਰਮ ਹਨ ਉਨ੍ਹਾਂ ਦਾ ਆਪੋ-ਆਪਣਾ ਧਰਮ ਗ੍ਰੰਥ ਹੈ। ਇਨ੍ਹਾਂ ਗ੍ਰੰਥਾਂ ਉੱਤੇ ਉਸ ਧਰਮ ਦੇ ਸਿਧਾਂਤ ਤੇ ਨਿਯਮ ਆਦਿ ਆਧਾਰਤ ਹੁੰਦੇ ਹਨ। ਸਿੱਖ ਧਰਮ ਦਾ ਮੂਲ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਕਈ ਵਿਸ਼ੇਸ਼ਤਾਈਆਂ ਕਾਰਨ ਦੂਜੇ ਧਰਮ ਗ੍ਰੰਥਾਂ ਨਾਲੋਂ ਵਿਲੱਖਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕੋ-ਇਕ ਧਰਮ ਗ੍ਰੰਥ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਆਪ ਤਿਆਰ ਕਰਵਾਇਆ ਹੈ। ਹੋਰ ਜਿੰਨੇ ਵੀ ਧਾਰਮਿਕ ਗ੍ਰੰਥ ਹਨ ਇਹ ਉਸ ਧਰਮ ਦੇ ਬਾਨੀਆਂ ਨੇ ਆਪਣੀ ਮੌਜੂਦਗੀ ਵਿਚ ਤਿਆਰ ਨਹੀਂ ਕਰਵਾਏ। ਵੇਦਾਂ ਉਪਨਿਸ਼ਦਾਂ ਦੇ ਰਚਨਕਾਰਾਂ ਦੀ ਕੋਈ ਜਾਣਕਾਰੀ ਵੀ ਪ੍ਰਾਪਤ ਨਹੀਂ ਹੈ। ਚਾਰ ਕਤੇਬਾਂ, ਤੌਰੇਤ, ਜੰਬੂਰ, ਇੰਜੀਲ ਤੇ ਕੁਰਾਨ, ਬੁਧ ਧਰਮ ਦਾ ਗ੍ਰੰਥ ਧਮਪਦ ਅਤੇ ਜੈਨ ਧਰਮ ਦੇ ਗ੍ਰੰਥ ਇਨ੍ਹਾਂ ਧਰਮਾਂ ਦੇ ਬਾਨੀਆਂ ਤੋਂ ਪਿੱਛੋਂ ਇਨ੍ਹਾਂ ਦੇ ਪੈਰੋਕਾਰਾਂ ਵੱਲੋਂ ਤਿਆਰ ਕਰਵਾਏ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸੇ ਮੂਲ ਰੂਪ ਵਿਚ ਕਾਇਮ ਰੱਖਿਆ ਗਿਆ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਪ੍ਰਮਾਣਿਕ ਗ੍ਰੰਥ ਹੈ ਜਿਸ ਵਿਚ ਗੁਰੂ ਸਾਹਿਬਾਨ ਅਤੇ ਹੋਰ ਭਗਤ ਸਾਹਿਬਾਨ ਦੀ ਬਾਣੀ ਸ਼ੁਧ ਰੂਪ ਵਿਚ ਦਰਜ ਹੈ। ਇਹ ਪੂਰਨ ਗੁਰੂਆਂ ਦੀ ਪੂਰਨ ਕ੍ਰਿਤ ਹੈ। ਇਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਪੂਰਾ ਸਤਿਗੁਰ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ।
ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ।
(ਵਾਰ 26:16)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ, ਅਤੇ ਹੋਰ ਗੁਰਸਿੱਖਾਂ ਦੀ ਬਾਣੀ ਦਰਜ ਹੈ। ਇਸ ਦੇ 1430 ਪੰਨੇ ਹਨ। ਇਸ ਦੀ ਬਾਣੀ ਰਾਗਾਂ ਵਿਚ ਹੈ। ਇਸ ਪਵਿੱਤਰ ਗ੍ਰੰਥ ਦਾ ਸੰਪਾਦਨ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਸ ਵਿਚ ਆਪਣੇ ਸਮੇਤ 5 ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ। ਹਿੰਦੁਸਤਾਨ ਦੇ ਉਨ੍ਹਾਂ ਸੰਤਾਂ ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਜਿਨ੍ਹਾਂ ਦੀ ਬਾਣੀ ਦਾ ਸਿਧਾਂਤ ਅਤੇ ਪੱਧਰ ਗੁਰਬਾਣੀ ਨਾਲ ਮਿਲਦਾ ਜੁਲਦਾ ਸੀ। ਇਨ੍ਹਾਂ ਦੀ ਬਾਣੀ ਵਿਚ ਵੀ ਨਿਰੰਕਾਰ ਦੀ ਪੂਜਾ ਅਤੇ ਸਮਾਜਿਕ ਬਰਾਬਰੀ ਦਾ ਉਪਦੇਸ਼ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦੋਂ ਸੁਦੀ ਏਕਮ ਸੰਮਤ 1661 ਬਿਕ੍ਰਮੀ ਨੂੰ ਕੀਤਾ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ। ਇਹ ਸੁੰਦਰ ਭਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਪਰੰਤ ਹਰਿ ਮੰਦਰ ਵਜੋਂ ਜਗ ਅੰਦਰ ਜਾਣਿਆ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਤੇ ਸੁਖਾਸਣ ਕਰਨ ਦੀ ਮਰਯਾਦਾ ਬੰਨ੍ਹੀ। ਬ੍ਰਹਮ ਗਿਆਨੀ ਗੁਰਸਿੱਖ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ।

ਗੁਰਮਤਿ ਵਿਚ ਗੁਰਬਾਣੀ ਦਾ ਬਹੁਤ ਉੱਚਾ ਮਹੱਤਵ ਮੰਨਿਆ ਗਿਆ। ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਸ਼ਬਦ ਨੂੰ ਹੀ ਗੁਰੂ ਕਿਹਾ ਗਿਆ ਹੈ। ਇਸ ਤਰ੍ਹਾਂ ਦਾ ਅਦਬ-ਸਤਿਕਾਰ ਕਿਸੇ ਧਰਮ ਵਿਚ ਕਿਸੇ ਗ੍ਰੰਥ ਨੂੰ ਨਹੀਂ ਦਿੱਤਾ ਗਿਆ। ਇਹ ਗੁਰਮਤਿ ਹੀ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਮਾਤਮਾ ਦਾ ਰੂਪ ਮੰਨਿਆ ਗਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪੋਥੀ ਨੂੰ ਪਰਮੇਸ਼ਰ ਦੀ ਥਾਂ ਕਿਹਾ ਗਿਆ ਹੈ:

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ॥ (ਪੰਨਾ 1226)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਦਾ ਆਪ ਸੰਪਾਦਨ ਕੀਤਾ ਹੈ। ਗੁਰਬਾਣੀ ਦੀ ਰਾਗਾਂ ਅਨੁਸਾਰ ਵੰਡ ਕੀਤੀ ਗਈ ਹੈ। ਰਾਗਾਂ ਵਿਚ ਗੁਰੂ ਸਾਹਿਬਾਨ ਅਤੇ ਸਭ ਭਗਤ ਸਾਹਿਬਾਨ ਦੀ ਬਾਣੀ ਵੱਖਰੇ ਸਿਰਲੇਖਾਂ ਹੇਠ ਤਰਤੀਬਵਾਰ ਦਰਜ ਕੀਤੀ ਗਈ ਹੈ। ਸਿਧਾਂਤਕ ਪੱਖ ਤੋਂ ਜਿੱਥੇ ਸਪਸ਼ਟਤਾ ਦੀ ਲੋੜ ਸੀ, ਉੱਥੇ ਵੀ ਗੁਰੂ ਸਾਹਿਬਾਨ ਨੇ ਬਾਣੀ ਦੇ ਰੂਪ ਵਿਚ ਹੀ ਟਿੱਪਣੀਆਂ ਦਿੱਤੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ਼ਬਦ ਗੁਰੂ ਦਾ ਮਹੱਤਵ ਸਭ ਤੋਂ ਉੱਪਰ ਮੰਨਿਆ ਗਿਆ ਹੈ। ਸਾਰੇ ਗੁਰੂ ਸਾਹਿਬਾਨ ਦੀ ਬਾਣੀ ਇਸ ਦੀ ਪੁਸ਼ਟੀ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਜੋ ਪਰੰਪਰਾ ਕਾਇਮ ਕੀਤੀ ਉਹ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਉਸੇ ਤਰ੍ਹਾਂ ਕਾਇਮ ਹੈ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੇਲੇ ਤੇ ਸ਼ਾਮ ਨੂੰ ਸੁਖਾਸਣ ਸਮੇਂ ਸੰਗਤਾਂ ਜੁੜਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਸੰਗਤਾਂ ਵੱਲੋਂ ਪੂਰੇ ਧਿਆਨ ਨਾਲ ਸ੍ਰਵਣ ਕੀਤਾ ਜਾਂਦਾ ਹੈ। ਸੰਗਤਾਂ ਦਾ ਇਹ ਉਮਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਲੌਕਿਕਤਾ ਦਾ ਪ੍ਰਤੱਖ ਪ੍ਰਮਾਣ ਹੈ ਜੋ ਬੇਮਿਸਾਲ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖਾਂ ਦੀ ਸ਼ਰਧਾ ਤੇ ਸਤਿਕਾਰ ਦਾ ਕੇਂਦਰ ਰਿਹਾ ਹੈ। ਗੁਰੂ ਸਾਹਿਬ ਨੇ ਵੀ ਸ਼ਬਦ-ਗੁਰੂ ਦੀ ਸ੍ਰੇਸ਼ਟਤਾ ਨੂੰ ਸਵੀਕਾਰ ਕੀਤਾ ਹੈ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ 982)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1706 ਈ: ਵਿਚ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਸਰੂਪ ਤਿਆਰ ਕਰਵਾਇਆ। ਇਸ ਦੇ ਲਿਖਾਰੀ ਭਾਈ ਮਨੀ ਸਿੰਘ ਜੀ ਸਨ। ਗੁਰੂ ਜੀ ਨੇ ਇਸ ਦੇ ਮੂਲ ਪ੍ਰਬੰਧ ਵਿਚ ਤੇ ਗੁਰਬਾਣੀ ਵਿਚ ਕੋਈ ਤਬਦੀਲੀ ਨਹੀਂ ਕੀਤੀ। ਉਨ੍ਹਾਂ ਨੇ ਇਸ ਵਿਚ ਸਿਰਫ ਵਾਧਾ ਕੀਤਾ ਹੈ। ਆਪਣੇ ਪਿਤਾ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੋ ਉਨ੍ਹਾਂ ਕੋਲ ਮੌਜੂਦ ਸੀ ਉਸ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਦਿੱਤਾ। ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪ ਦਿੱਤਾ। ਉਨ੍ਹਾਂ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਖਾਲਸੇ ਨੂੰ ਬਚਨ ਕੀਤਾ ਕਿ ਅੱਜ ਤੋਂ ਤੁਹਾਡਾ ਗੁਰੂ ਗ੍ਰੰਥ ਸਾਹਿਬ ਹੋਇਆ। ਇਸ ਤਰ੍ਹਾਂ ਉਨ੍ਹਾਂ ਨੇ ਅੱਗੋਂ ਸਰੀਰਕ ਰੂਪ ਵਿਚ ਗੁਰਗੱਦੀ ਦੀ ਪਰੰਪਰਾ ਨੂੰ ਸਮਾਪਤ ਕਰ ਦਿੱਤਾ ਅਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਵੱਲੋਂ ਬਖਸ਼ੇ 'ਸ਼ਬਦ ਗੁਰੂ' ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾ ਦਿੱਤਾ:

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
(ਭਾਈ ਪ੍ਰਹਿਲਾਦ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੀ ਸੰਰਚਨਾ ਅਤੇ ਪਦਵੀ ਕਰਕੇ ਤਾਂ ਵਿਲੱਖਣ ਹੈ ਹੀ ਇਸਦਾ ਵਿਸ਼ੇ ਵਸਤੂ ਵੀ ਦੂਜੇ ਧਰਮ ਗ੍ਰੰਥ ਤੋਂ ਨਿਆਰਾ ਹੈ। ਇਸ ਵਿਚ ਪਰਮਾਤਮਾ ਨੂੰ ਨਿਰੰਕਾਰ ਅਤੇ ਸਰਬ-ਵਿਆਪਕ ਮੰਨਿਆ ਗਿਆ। ਉਹ ਕੁਦਰਤ ਵਿਚ ਓਤਪੋਤ ਹੈ। ਉਹ ਦੂਰ-ਦੁਰਾਡੇ ਨਹੀਂ, ਸਦਾ ਮਨੁੱਖ ਦੇ ਅੰਗ-ਸੰਗ ਹੈ। ਉਹ ਕਿਤੇ ਬਾਹਰ ਨਹੀਂ, ਉਸ ਦੇ ਅੰਦਰ ਹੀ ਹੈ। ਉਸ ਨੂੰ ਪ੍ਰਸੰਨ ਕਰਨ ਦੀ ਲੋੜ ਨਹੀਂ ਉਸ ਦੀ ਪਛਾਣ ਹੀ ਕਰਨੀ ਹੈ। ਉਸ ਦੀ ਪ੍ਰਾਪਤੀ ਲਈ ਬਾਹਰੀ ਕਰਮ-ਕਾਂਡ ਤੇ ਭੇਖਾਂ ਦੀ ਕੋਈ ਲੋੜ ਨਹੀਂ। ਸਭਨਾਂ ਮਨੁੱਖਾਂ ਦੇ ਅੰਦਰ ਉਸ ਦਾ ਨਿਵਾਸ ਹੈ। ਹਰ ਕੋਈ ਇਸ ਜੋਤ ਰੂਪੀ ਹਰੀ ਨੂੰ ਪ੍ਰਾਪਤ ਕਰ ਸਕਦਾ ਹੈ:

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥ (ਪੰਨਾ 1427)

ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਇਕ ਅਜਿਹਾ ਸਰਬ ਸਾਂਝਾ ਗ੍ਰੰਥ ਹੈ ਜਿਸ ਵਿਚ ਸਿੱਖ ਧਰਮ ਦੇ ਬਾਨੀਆਂ ਦੀ ਬਾਣੀ ਦੇ ਨਾਲ ਹੋਰ ਸੰਤਾਂ-ਭਗਤਾਂ ਦੀ ਬਾਣੀ ਨੂੰ ਵੀ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਇਸ ਦੇ ਬਾਣੀਕਾਰਾਂ ਦਾ ਘੇਰਾ ਸਮੇਂ ਤੇ ਸਥਾਨ ਕਰਕੇ ਵਿਆਪਕ ਹੈ। ਇਹ ਅਨੇਕ ਪੰਥਾਂ, ਖਿੱਤਿਆਂ ਅਤੇ ਵੱਖ-ਵੱਖ ਧਰਮਾਂ, ਵਰਗਾਂ ਅਤੇ ਜਾਤਾਂ ਦੇ ਸੰਤਾਂ-ਭਗਤਾਂ ਦੀ ਪ੍ਰਤੀਨਿਧਤਾ ਕਰਦਾ ਹੈ। ਗੁਰਬਾਣੀ ਵਿਚ ਜਾਤਪਾਤ, ਵਰਣ-ਵੰਡ ਤੇ ਊਚ-ਨੀਚ ਦਾ ਖੰਡਨ ਕਰ ਕੇ ਮਨੁੱਖ ਨੂੰ ਇੱਕੋ ਭਾਈਚਾਰੇ ਦੇ ਵਿਅਕਤੀ ਅਤੇ ਇੱਕੋ ਜੋਤ ਤੋਂ ਪੈਦਾ ਹੋਏ ਮੰਨਿਆ ਗਿਆ ਹੈ:

-ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਪੰਨਾ 1349)
-ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (ਪੰਨਾ 611)

ਵਿਗਿਆਨ ਦੇ ਪੱਖੋਂ ਵੀ ਗੁਰਬਾਣੀ ਦਾ ਗਿਆਨ ਸਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਦੀ ਵਿਸ਼ਾਲਤਾ ਨੂੰ ਬੇਅੰਤ ਦੱਸਿਆ ਗਿਆ ਹੈ। ਲੱਖਾਂ ਹੀ ਪਤਾਲਾਂ, ਅਕਾਸ਼ਾਂ ਦਾ ਵਰਣਨ ਇਸ ਵਿਚ ਮਿਲਦਾ ਹੈ। ਵਿਗਿਆਨ ਦੀ ਤਰੱਕੀ ਨਾਲ ਗੁਰਬਾਣੀ ਦੇ ਵਾਕਾਂ ਦੀ ਸੱਚਾਈ ਸਿੱਧ ਹੋ ਰਹੀ ਹੈ। ਪਰਮਾਤਮਾ ਦੀ ਕੋਈ ਧਰਤੀ ਨਹੀਂ ਹੈ, ਉਹ ਕਰੋੜਾਂ ਬ੍ਰਹਿਮੰਡਾਂ ਦਾ ਸੁਆਮੀ ਹੈ:

-ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
(ਪੰਨਾ 5)
-ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥
(ਪੰਨਾ 695)

ਸ੍ਰਿਸ਼ਟੀ ਦੀ ਰਚਨਾ ਸਬੰਧੀ ਗੁਰਬਾਣੀ ਕੋਈ ਕਲਪਿਤ ਕਹਾਣੀਆਂ ਨਹੀਂ ਬਣਾਉਂਦੀ। ਇਸ ਬਾਰੇ ਤੱਥਾਂ ਦੇ ਆਧਾਰ 'ਤੇ ਗਿਆਨ ਦਿੰਦੀ ਹੈ ਜੋ ਵਿਗਿਆਨ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਤੋਂ ਗੈਸਾਂ ਪੈਦਾ ਹੋਈਆਂ; ਫੇਰ ਜਲ ਅਤੇ ਜਲ ਤੋਂ ਸਾਰੀ ਬਨਸਪਤੀ ਤੇ ਜੀਵ-ਜੰਤੂ ਪੈਦਾ ਹੋਏ। ਇਹ ਇਕ ਵਿਗਿਆਨਕ ਸੱਚ ਹੈ ਕਿ ਜਿੱਥੇ ਜਲ ਹੈ, ਉੱਥੇ ਹੀ ਜੀਵਨ ਹੈ। ਗੁਰਵਾਕ ਹੈ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
(ਪੰਨਾ 19)

ਸਿਹਤ ਵਿਗਿਆਨ ਦੇ ਖੇਤਰ ਵਿਚ ਵੀ ਗੁਰਬਾਣੀ ਮਨੁੱਖ ਨੂੰ ਸਹੀ ਸੇਧ ਦਿੰਦੀ ਹੈ। ਸਰੀਰ ਦੇ ਬਹੁਤੇ ਰੋਗ ਕਾਮ ਅਤੇ ਕ੍ਰੋਧ ਦੋ ਵਿਕਾਰਾਂ ਤੋਂ ਹੀ ਉਤਪੰਨ ਹੁੰਦੇ ਹਨ। ਗੁਰਬਾਣੀ ਵਿਚ ਇਨ੍ਹਾਂ ਦੋਵਾਂ ਵਿਕਾਰਾਂ ਨੂੰ ਸਿਹਤ ਲਈ ਨੁਕਸਾਨਦੇਹ ਦੱਸਿਆ ਗਿਆ ਹੈ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥ (ਪੰਨਾ 932)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਇਕ ਕ੍ਰਾਂਤੀਕਾਰੀ ਵਿਚਾਰਧਾਰਾ ਹੈ ਜੋ ਸਮਾਜ ਵਿੱਚੋਂ ਊਚ-ਨੀਚ ਅਤੇ ਬੇਇਨਸਾਫੀਆਂ ਦੂਰ ਕਰ ਕੇ ਇਕ ਸਮਾਜਿਕ ਭਾਈਚਾਰਾ ਸਥਾਪਿਤ ਕਰਨ ਦਾ ਮਾਰਗ ਦਿਖਾਉਂਦੀ ਹੈ। ਇਸ ਵਿਚ ਵਰਣ-ਵੰਡ, ਜਾਤ-ਪਾਤ, ਛੂਤ-ਛਾਤ, ਆਰਥਿਕ ਕਾਣੀ ਵੰਡ ਤੇ ਪੈਸੇ ਦੀ ਲੁੱਟ-ਖਸੁੱਟ ਦਾ ਸਖਤ ਖੰਡਨ ਕੀਤਾ ਗਿਆ ਹੈ। ਗੁਰੂ ਜੀ ਨੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨਾ ਅਤੇ ਵੰਡ ਕੇ ਛਕਣਾ ਉੱਤਮ ਮੰਨਿਆ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ 1245)

ਰਾਜਨੀਤਕ ਖੇਤਰ ਵਿਚ ਵੀ ਗੁਰਬਾਣੀ ਮਨੁੱਖਤਾ ਦੀ ਸਹੀ ਅਗਵਾਈ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਹਲੇਮੀ ਰਾਜ ਦੀ ਸਥਾਪਤੀ ਦਾ ਸੰਕਲਪ ਦਿੱਤਾ ਗਿਆ ਹੈ। ਇਸ ਵਿਚ ਚੰਗਾ ਰਾਜਾ ਉਸੇ ਨੂੰ ਪ੍ਰਵਾਨ ਕੀਤਾ ਗਿਆ ਹੈ ਜੋ ਆਪ-ਹੁਦਰਾ ਨਹੀਂ ਤੇ ਲੋਕਾਂ ਦੀ ਸੰਮਤੀ ਨਾਲ ਰਾਜ ਚਲਾਉਂਦਾ ਹੈ ਤੇ ਗੁਣਾਂ ਨਾਲ ਭਰਪੂਰ ਹੈ:

-ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥
(ਪੰਨਾ 992)
-ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
(ਪੰਨਾ 1088)

ਉਸ ਸਮੇਂ ਦੇ ਸਮਾਜ ਵਿਚ ਇਸਤਰੀ ਜਾਤੀ ਦਾ ਕੋਈ ਸਤਿਕਾਰ ਨਹੀਂ ਸੀ। ਦੇਸ਼ ਦੇ ਹਾਕਮਾਂ ਤੋਂ ਇਲਾਵਾ ਵਿਦੇਸ਼ੀ ਹਮਲਾਵਰ ਵੀ ਇਸਤਰੀਆਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਉਂਦੇ ਸਨ। ਸਮਾਜ ਵਿਚ ਵੀ ਇਸਤਰੀਆਂ ਨੂੰ ਕੋਈ ਸਨਮਾਨਯੋਗ ਦਰਜਾ ਨਹੀਂ ਸੀ ਦਿੱਤਾ ਜਾਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਤਰੀਆਂ ਨੂੰ ਮਰਦ ਦੇ ਬਰਾਬਰ ਸਮਝਿਆ ਗਿਆ ਹੈ। ਇਸਤਰੀ-ਪੁਰਸ਼ ਦੋਨੋਂ ਹੀ ਇਕ ਦੂਸਰੇ ਦੇ ਪੂਰਕ ਹਨ, ਦੋਵੇਂ ਰਲ ਕੇ ਸਮਾਜ ਦੀ ਉਤਪਤੀ ਤੇ ਵਿਕਾਸ ਕਰਦੇ ਹਨ:

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥
(ਪੰਨਾ 1252)

ਗੁਰੂ ਸਾਹਿਬ ਨੇ ਇਸਤਰੀ ਰੂਪ ਵਿਚ ਬਾਣੀ ਰਚ ਕੇ ਇਸਤਰੀ ਦੇ ਜਾਮੇ ਨੂੰ ਸਤਿਕਾਰ ਦਿੱਤਾ ਹੈ। ਗੁਰੂ ਜੀ ਨੇ ਆਪਣੇ ਸਮੇਂ ਦੇ ਲੋਕਾਂ ਨੂੰ ਸਪੱਸ਼ਟ ਆਖਿਆ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
(ਪੰਨਾ 473)

ਇਸ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫ਼ਿਲਾਸਫ਼ੀ ਇਕ ਮੁਕੰਮਲ ਵਿਚਾਰਧਾਰਾ ਹੈ। ਇਹ ਮਨੁੱਖੀ ਸ਼ਖਸੀਅਤ ਦੀ ਸਮੁੱਚੀ ਉਸਾਰੀ ਤੇ ਪ੍ਰਫੁੱਲਤਾ ਦਾ ਇਕ ਅਦੁੱਤੀ ਸਿਧਾਂਤ ਹੈ। ਇਸ ਵਿਚ ਆਮ ਮਨੁੱਖ ਦੀ ਭਲਾਈ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਨੂੰ ਧਰਮ ਦੇ ਨਾਂ 'ਤੇ ਵੰਡਣ ਦੀ ਆਗਿਆ ਨਹੀਂ ਦਿੰਦਾ। ਇਸ ਵਿਚ ਸਮੁੱਚੀ ਮਨੁੱਖਤਾ ਨੂੰ ਇਕ ਸਮਾਜਿਕ ਭਾਈਚਾਰਾ ਸਮਝਿਆ ਗਿਆ ਹੈ ਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ ਹੈ:

-ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥
(ਪੰਨਾ 853)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸਾਰਾ ਉਪਦੇਸ਼ ਉੱਚੇ ਕਾਵਿਕ ਗੁਣਾਂ ਨਾਲ ਭਰਪੂਰ ਹੈ। ਇਸ ਦੇ ਕਾਵਿ ਰੂਪ, ਛੰਦ, ਅਲੰਕਾਰ ਤੇ ਢੁੱਕਵੀਂ ਸ਼ਬਦਾਵਲੀ ਪਾਠਕ ਦੀ ਬੁੱਧੀ ਨੂੰ ਹੈਰਾਨ ਕਰਨ ਵਾਲੇ ਹਨ। ਇਨ੍ਹਾਂ ਦੀ ਸੁਹਜ ਅਤੇ ਸੁੰਦਰਤਾ ਕੀਲ ਲੈਣ ਵਾਲੀ ਹੈ। ਕਿਸੇ ਜੀਵ ਦੀ ਸਾਹਿਤਕ ਰਚਨਾ ਵਿਚ ਅਜਿਹੇ ਗੁਣ ਨਹੀਂ ਹੋ ਸਕਦੇ। ਇਹ ਸਾਰੇ ਪੱਖ ਇਸ ਗੱਲ ਦਾ ਸਬੂਤ ਹਨ ਕਿ ਇਹ ਧੁਰ ਕੀ ਬਾਣੀ ਹੈ। ਗੁਰੂ ਸਾਹਿਬ ਦੀ ਜੋਤ 10 ਜਾਮਿਆਂ ਵਿਚ ਅੱਗੇ ਤੋਂ ਅੱਗੇ ਤੁਰਦੀ ਰਹੀ ਹੈ। ਇਹ ਗੱਲ ਕਿਸੇ ਵੀ ਧਰਮ ਵਿਚ ਵੇਖਣ ਨੂੰ ਨਹੀਂ ਮਿਲਦੀ। ਕੋਈ ਪੈਗੰਬਰ, ਅਵਤਾਰ ਜਾਂ ਪੀਰ-ਫਕੀਰ ਆਪਣੇ ਬਰਾਬਰ ਦਾ ਰਹਿਬਰ ਪੈਦਾ ਨਹੀਂ ਕਰ ਸਕਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਸਦੀਵੀ ਰਹਿਬਰ ਮਨੁੱਖਤਾ ਨੂੰ ਪ੍ਰਾਪਤ ਹੈ ਜੋ ਸਦਾ ਸਭ ਦੇ ਸਾਹਮਣੇ ਹੈ। ਇਸ ਨਾਲ ਕੋਈ ਵੀ ਆਪਣਾ ਸਿੱਧਾ ਸੰਬੰਧ ਜੋੜ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨਾਂ ਲਈ ਸਾਰੀ ਮਨੁੱਖਤਾ ਨੂੰ ਖੁਲ੍ਹ ਹੈ। ਇੱਥੇ ਕਿਸੇ ਲਈ ਰੋਕ-ਟੋਕ ਨਹੀਂ ਹੈ ਜਿਵੇਂ ਕਿ ਕਬੀਰ ਸਾਹਿਬ ਨੇ ਪਰਮਾਤਮਾ ਬਾਰੇ ਲਿਖਿਆ ਹੈ:


ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥
(ਪੰਨਾ 1367)

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ-ਗੁਣ ਸੰਪੰਨ, ਹਰ ਪੱਖੋਂ ਸੰਪੂਰਨ, ਅਲੌਕਿਕ ਤੇ ਸਰਬ ਸਮਰੱਥ ਹੈ। ਇਹ ਸਿੱਖ ਧਰਮ ਦਾ ਆਧਾਰ ਸਰੂਪ, ਸਿੱਖ ਸੱਭਿਆਚਾਰ ਦਾ ਮੂਲ ਸੋਮਾ, ਖਾਲਸਾ ਪੰਥ ਦੀ ਸੰਚਾਲਨ ਸ਼ਕਤੀ, ਖਾਲਸੇ ਦੇ ਦਲੇਰੀ ਤੇ ਚੜ੍ਹਦੀ ਕਲਾ ਦੇ ਜਜ਼ਬੇ ਦਾ ਆਧਾਰ, ਸਰਬ ਲੋਕਾਈ ਦਾ ਓਟ ਆਸਰਾ ਅਤੇ ਸੰਪੂਰਨ ਜੀਵਨ ਸਿਧਾਂਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਜੀਵਨ ਦਾ ਕੇਂਦਰ ਬਿੰਦੂ ਹੈ ਜੋ ਅਧਿਆਤਮਕ ਅਤੇ ਸਮਾਜਿਕ ਅਗਵਾਈ ਦੇ ਨਾਲ-ਨਾਲ ਵਿਸ਼ਵ-ਭਾਈਚਾਰੇ, ਅਮਨ-ਸ਼ਾਂਤੀ, ਸਾਂਝੀਵਾਲਤਾ, ਸਦਭਾਵਨਾ ਤੇ ਸਹਿਣਸ਼ੀਲਤਾ ਦਾ ਸਰਬ ਸ੍ਰੇਸ਼ਟ ਉਪਦੇਸ਼ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਧੁਰ ਕੀ ਬਾਣੀ ਦਾ ਪ੍ਰਤੱਖ ਸਰੂਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੁ-ਪਰਮੇਸਰ ਜੋਤਿ ਸਰੂਪ ਵਿਚ ਅਤੇ ਅੰਮ੍ਰਿਤ ਬਾਣੀ (ਸ਼ਬਦ) ਦੇ ਰੂਪ ਵਿਚ ਸਰਗੁਣ ਸਰੂਪ ਵਿਚ ਬਿਰਾਜਮਾਨ ਹੈ ਤੇ ਜ਼ਾਹਿਰਾ-ਜ਼ਹੂਰ, ਦਰਸ਼ਨ-ਦੀਦਾਰੇ ਬਖਸ਼ ਕੇ ਜਗਿਆਸੂਆਂ ਨੂੰ ਨਿਹਾਲ ਕਰ ਰਿਹਾ ਹੈ।

ਅੱਜ ਲੋੜ ਹੈ ਕਿ ਗੁਰਮਤਿ ਵਿਚਾਰਧਾਰਾ ਨੂੰ ਗ੍ਰਹਿਣ ਕਰੀਏ, ਆਪਣੇ ਅਨੁਭਵ ਵਿਚ ਲਿਆ ਕੇ ਆਪਣਾ ਜੀਵਨ ਇਸ ਅਨੁਸਾਰ ਢਾਲੀਏ ਅਤੇ ਗੁਰਮਤਿ ਮਾਰਗ ਦੇ ਪਾਂਧੀ ਬਣੀਏ ਅਤੇ ਜਗਤ-ਜਲੰਦੇ ਤੋਂ ਜੀਵਨ-ਮੁਕਤ ਹੋਈਏ। ਸੰਸਾਰੀਕਰਨ ਦੇ ਅਜੋਕੇ ਯੁੱਗ ਵਿਚ ਜਦੋਂ ਮਨੁੱਖ ਇਕੱਲਾ ਰਹਿ ਗਿਆ ਤੇ ਤਣਾਅ ਭਰਪੂਰ ਜ਼ਿੰਦਗੀ ਬਤੀਤ ਕਰ ਰਿਹਾ ਹੈ ਉਸ ਸਮੇਂ ਗੁਰਬਾਣੀ ਹੀ ਸੰਸਾਰ ਦੇ ਉੱਧਾਰ ਲਈ ਸਾਰੇ ਸੰਕਟਾਂ-ਕਲੇਸ਼ਾਂ ਦੇ ਹੱਲ ਲਈ ਇੱਕੋ-ਇੱਕ ਸਾਰਥਕ ਅਤੇ ਸੰਪੂਰਨ ਸਾਧਨ ਹੈ। "ਗੁਰਬਾਣੀ ਇਸੁ ਜਗ ਮਹਿ ਚਾਨਣੁ" ਨਾਲ ਆਪਣੀਆਂ ਜ਼ਿੰਦਗੀਆਂ ਰੋਸ਼ਨ ਕਰੀਏ ਅਤੇ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਹੋ ਨਿੱਬੜੀਏ।

# ਸਿੱਖਾਂ ਦੀ ਕੌਮੀ ਖੇਡ ਗੱਤਕਾ ਅਜੋਕੇ ਸੰਦਰਭ ਵਿੱਚ



ਇਕਵਾਕ ਸਿੰਘ ਪੱਟੀ

ਗੱਤਕਾ ਸਿੱਖਾਂ ਦੀ ਵਿਰਾਸਤੀ ਜੰਗਜੂ (ਜੰਗੀ) ਕਲਾ ਹੈ, ਜਿਸ ਵਿੱਚ ਜੰਗ ਦੌਰਾਨ ਦੁਸ਼ਮਣਾਂ ਨਾਲ ਟਾਕਰਾ ਕਰਨ ਦੀ ਪੂਰੀ ਕਲਾ ਸਿਖਾਈ ਜਾਂਦੀ ਹੈ। ਇਸ ਦੀ ਸਿਖਲਾਈ ਕੋਈ ਵੀ ਸਿੱਖ ਔਰਤ ਜਾਂ ਪੁਰਸ਼ ਲੈ ਸਕਦਾ ਹੈ। ਇਸ ਖੇਡ ਵਿੱਚ ਆਪਣਾ ਬਚਾਅ ਪੱਖ ਮਜ਼ਬੂਤ ਰੱਖਣਾ ਅਤੇ ਦੁਸ਼ਮਣ ਪ੍ਰਤੀ ਸਖ਼ਤੀ ਵਰਤਣਾ ਸਿਖਾਇਆ ਜਾਂਦਾ ਹੈ।

ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਹੋਲੇ-ਮਹੱਲੇ ਬਾਰੇ ਜਾਣਕਾਰੀ ਦਿੰਦਿਆਂ ਮਹਾਨਕੋਸ਼ ਦੇ ਪੰਨਾ ਨੰਬਰ 283 ਉੱਤੇ ਲਿਖਦੇ ਹਨ, 'ਖ਼ਾਲਸੇ ਨੂੰ ਸ਼ਸਤਰ ਤੇ ਯੁੱਧ ਵਿੱਦਿਆ ਵਿੱਚ ਨਿਪੁੰਨ ਕਰਨ ਲਈ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ (ਮੁਖੀ ਸਿੰਘਾਂ) ਅਧੀਨ ਸਿੱਖ ਇੱਕ ਖ਼ਾਸ ਥਾਂ ਉੱਤੇ ਕਬਜ਼ਾ ਕਰਨ ਲਈ ਹਮਲਾ ਕਰਨ। ਕਲਗੀਧਰ ਪਿਤਾ ਖ਼ੁਦ ਇਸ ਮਨਸੂਈ ਜੰਗ ਦਾ ਕਰਤੱਬ ਦੇਖਦੇ ਤੇ ਦੋਵਾਂ ਦਲਾਂ ਨੂੰ ਸ਼ੁੱਭ ਸਿੱਖਿਆ ਦਿੰਦੇ। ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿੱਚ ਸਿਰੋਪਾਉ ਬਖ਼ਸ਼ਦੇ।' ਇਸੇ ਤਰ੍ਹਾਂ ਮਹਾਨਕੋਸ਼ ਦੇ ਸਫ਼ਾ ਨੰਬਰ 395 ਉੱਤੇ ਉਹ 'ਗੱਤਕਾ' ਸਿਰਲੇਖ ਹੇਠ ਲਿਖਦੇ ਹਨ, 'ਗਦਾਯੁੱਧ ਦੀ ਸਿੱਖਿਆ ਦਾ ਪਹਿਲਾ ਅੰਗ ਸਿਖਾਉਣ ਲਈ ਇੱਕ ਡੰਡਾ, ਜੋ ਤਿੰਨ ਹੱਥ ਲੰਮਾ ਹੁੰਦਾ ਹੈ, ਇਸ ਉੱਤੇ ਚੰਮ ਦਾ ਖੋਲ ਚੜ੍ਹਿਆ ਹੁੰਦਾ ਹੈ। ਸੱਜੇ ਹੱਥ ਵਿੱਚ ਗੱਤਕਾ ਅਤੇ ਖੱਬੇ ਹੱਥ ਵਿੱਚ ਫਰੀ (ਛੋਟੀ ਢਾਲ) ਲੈ ਕੇ ਦੋ ਆਦਮੀ ਆਪੋ ਵਿੱਚ ਖੇਡਦੇ ਹਨ।'


'ਗੱਤਕਾ' ਪੱਛਮੀ ਖੇਡਾਂ ਕਰਾਟਿਆਂ ਜਾਂ ਹੋਰਨਾਂ ਮਾਰਸ਼ਲ ਕਲਾਵਾਂ ਵਾਂਗ ਖ਼ਾਲਸੇ ਦੀ ਸਿੱਖ ਮਾਰਸ਼ਲ ਕਲਾ ਦੇ ਨਾਂ ਨਾਲ ਪ੍ਰਫੁਲਿੱਤ ਹੋ ਰਿਹਾ ਹੈ। ਇਸ ਦਾ ਸਿਹਰਾ ਗੱਤਕੇ ਦੇ ਨਾਂ ਉੱਤੇ ਬਣੀਆਂ ਸਭਾਵਾਂ, ਸੁਸਾਇਟੀਆਂ, ਐਸੋਸੀਏਸ਼ਨਾਂ, ਫੈਡਰੇਸ਼ਨਾਂ ਤੇ ਅਖਾੜਿਆਂ ਨੂੰ ਜਾਂਦਾ ਹੈ, ਜਿਨ੍ਹਾਂ ਦੀ ਸਖ਼ਤ ਮਿਹਨਤ ਨਾਲ ਗੱਤਕਾ ਕੌਮਾਂਤਰੀ ਖੇਡ ਬਣਿਆ ਅਤੇ ਦੇਸ਼ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਗੱਤਕੇ ਦੇ ਨਾਂ ਉੱਤੇ ਕੱਪ ਸ਼ੁਰੂ ਹੋਏ।

ਮਾਰਸ਼ਲ ਖੇਡ ਗੱਤਕੇ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬ ਸਰਕਾਰ ਨੇ ਵੀ ਇਸ ਨੂੰ ਮਾਨਤਾ ਦੇ ਕੇ ਖੇਡ ਨੀਤੀ 2010 ਵਿੱਚ ਹੋਰਨਾਂ ਖੇਡਾਂ ਦੇ ਬਰਾਬਰ ਦਾ ਰੁਤਬਾ ਦੇ ਕੇ ਗ੍ਰੇਡੇਸ਼ਨ ਸੂਚੀ ਵਿੱਚ ਵਿੱਚ ਸ਼ਾਮਲ ਕੀਤਾ ਹੋਇਆ ਹੈ।

ਗੱਤਕੇ ਸਬੰਧੀ ਇਤਿਹਾਸ ਵਿੱਚ ਦਰਜ ਜਾਣਕਾਰੀ ਤੇ ਮੌਜੂਦਾ ਦੌਰ ਵਿੱਚ ਪ੍ਰਚੱਲਿਤ ਗੱਤਕਾ ਖੇਡਣ ਦੀ ਰਵਾਇਤ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਨਿੱਜੀ ਸੁਰੱਖਿਆ ਲਈ ਸ਼ਸਤਰ ਰੱਖਣਾ, ਸ਼ਸਤਰ ਚਲਾਉਣ ਦੀ ਸਿੱਖਿਆ ਲੈਣਾ, ਦੂਜਿਆਂ ਨੂੰ ਸ਼ਸਤਰ ਸੰਭਾਲਣ/ਸਿਖਾਉਣ ਲਈ ਉਪਰਾਲੇ ਕਰਨਾ ਤੇ ਇਨ੍ਹਾਂ ਉੱਦਮਾਂ ਵਿੱਚ ਸ਼ਾਮਲ ਗੱਤਕੇ ਨੂੰ ਖੇਡ ਦੇ ਰੂਪ ਵਿੱਚ ਲੋਕਾਂ ਨੂੰ ਦਿਖਾਉਣਾ ਅਤੇ ਇਸ ਖੇਡ ਪ੍ਰਤੀ ਜਾਗਰੂਕ ਕਰਦਿਆਂ ਸਿੱਖਾਂ ਨੂੰ ਆਪਣੇ ਗੌਰਵਮਾਈ ਵਿਰਸੇ ਨਾਲ ਜੋੜਨਾ ਮਾੜਾ ਨਹੀਂ ਕਿਹਾ ਜਾ ਸਕਦਾ, ਪਰ ਇਸ ਦੇ ਨਾਲ ਹੀ ਇਸ ਖੇਡ ਨੂੰ ਡਰਾਉਣੇ ਰੂਪ ਵਿੱਚ ਪੇਸ਼ ਕਰਨਾ ਸਹੀ ਨਹੀਂ ਕਿਹਾ ਜਾ ਸਕਦਾ।

ਬੀਤੇ ਕੁਝ ਸਮੇਂ ਤੋਂ ਗੱਤਕੇ ਨੂੰ ਡਰਾਉਣੇ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਗੱਤਕੇ ਦੀ ਅਸਲ ਪਛਾਣ ਨੂੰ ਲੁਪਤ ਕਰ ਕੇ ਇਸ ਨੂੰ ਸਟੰਟਬਾਜ਼ੀ ਵਾਂਗ ਦਿਖਾਇਆ ਜਾ ਰਿਹਾ ਹੈ। ਆਪਣੇ ਸਰੀਰ ਤੋਂ ਭਾਰੀਆਂ ਗੱਡੀਆਂ ਲੰਘਾਉਣੀਆਂ, ਭਾਰੀ ਦੋਪਹੀਆ ਵਾਹਨਾਂ ਨੂੰ ਚੁੱਕਣਾ, ਵਾਹਨਾਂ ਨੂੰ ਸਰੀਰ ਨਾਲ ਖਿੱਚਣਾ, ਸਰੀਰ 'ਤੇ ਕੱਚ ਦੀਆਂ ਟਿਊਬਾਂ ਤੁੜਵਾਉਣਾ, ਕੱਚ ਨੂੰ ਦੰਦਾਂ ਨਾਲ ਚਿੱਥਣਾ ਆਦਿ ਦੇ ਕਰਤੱਬ ਕਰਨੇ ਤੇ ਅੱਖਾਂ ਉੱਤੇ ਪੱਟੀ ਬੰਨ੍ਹ ਕੇ ਭਾਰੀ ਹਥੌੜੇ ਨਾਲ ਦੂਸਰੇ ਸਾਥੀ 'ਤੇ ਵਾਰ ਕਰਨੇ ਆਦਿ ਸਟੰਟਾਂ ਨੂੰ ਗੱਤਕੇ ਨਾਲ ਜੋੜਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ। ਗੱਤਕੇ ਦੇ ਨਾਂ ਹੇਠ ਕਿਹੜੇ ਗੁਰੂ ਕਾਲ ਜਾਂ ਸਿੰਘਾਂ ਦੇ ਕਾਲ ਦੌਰਾਨ ਅਜਿਹੀ ਖੇਡ ਸ਼ੁਰੂ ਹੋਈ, ਇਸ ਦਾ ਜਵਾਬ ਸ਼ਾਇਦ ਹੀ ਕਿਸੇ ਕੋਲ ਹੋਵੇ। ਇਹ ਸਟੰਟਬਾਜ਼ੀ ਕਦੇ ਵੀ ਸਿੱਖ ਮਾਰਸ਼ਲ ਕਲਾ ਗੱਤਕੇ ਦਾ ਹਿੱਸਾ ਨਹੀਂ ਸੀ ਅਤੇ ਨਾ ਹੀ ਬਣ ਸਕਦੀ ਹੈ। ਜੇ ਕੋਈ ਵਿਅਕਤੀ ਜਾਂ ਸੰਸਥਾ ਆਪਣੇ ਤੌਰ 'ਤੇ ਅਜਿਹੀਆਂ ਗ਼ੈਰ-ਮਨੁੱਖੀ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਟਿੱਚ ਜਾਣਦੀਆਂ ਗ਼ਲਤ ਰਵਾਇਤਾਂ, ਜੋ ਕਿ ਕਿਸੇ ਦੀ ਜਾਨ ਵੀ ਲੈ ਸਕਦੀਆਂ ਹਨ, ਨੂੰ ਗੱਤਕੇ ਦੇ ਨਾਂ ਹੇਠ ਪ੍ਰਚਾਰੇਗੀ ਤਾਂ ਇਸ ਦੇ ਨਤੀਜੇ ਬਹੁਤ ਖ਼ਤਰਨਾਕ ਨਿਕਲਣਗੇ। ਕੌਮ ਦੀਆਂ ਸਿਰਮੌਰ ਸੰਸਥਾਵਾਂ ਨੂੰ ਇਸ ਪਾਸੇ ਧਿਆਨ ਦੇ ਕੇ ਕੁਝ ਦਿਸ਼ਾ ਨਿਰਦੇਸ਼ ਗੱਤਕੇ ਬਾਰੇ ਬਣਾਉਣੇ ਚਾਹੀਦੇ ਹਨ ਤਾਂ ਕਿ ਨਿੱਜੀ ਗੱਤਕਾ ਸੰਸਥਾਵਾਂ ਗੱਤਕੇ ਦੀ ਪਰੰਪਰਾ ਵਿੱਚ ਵਿਗਾੜ ਪੈਦਾ ਨਾ ਕਰ ਸਕਣ।

ਗੱਤਕੇ ਦੀ ਗੌਰਵਮਈ ਪਰੰਪਰਾ ਦਾ ਪੁਰਾਤਨ ਰੂਪ ਬਹਾਲ ਕਰਨ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪੰਥ ਹਿਤੈਸ਼ੀ ਸੰਸਥਾਵਾਂ ਵੱਲੋਂ 21 ਜੂਨ ਨੂੰ 'ਗੱਤਕਾ ਦਿਵਸ' ਮਨਾਉਂਦਿਆਂ ਸਿੱਖ ਧਰਮ ਦੀ ਇਸ ਮਹਾਨ ਪਰੰਪਰਾ ਲਈ ਮੁੜ ਦਿਸ਼ਾ ਨਿਰਦੇਸ਼, ਨਿਯਮਾਵਲੀ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਇਸ ਖੇਡ ਦੀ ਪਰੰਪਰਾ ਅਤੇ ਵਿਰਾਸਤ ਨੂੰ ਸਹੀ ਰੂਪ ਵਿੱਚ ਪ੍ਰਚਾਰਿਆ ਜਾ ਸਕੇ।



# ਵੱਡਾ ਘੱਲੂਘਾਰਾ

## ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖੂਨੀ ਕਾਂਡ, ਵੱਡਾ ਘੱਲੂਘਾਰਾ 5 ਫਰਵਰੀ, 1762 ਈ: ਨੂੰ ਅਹਿਮਦ ਸ਼ਾਹ ਅਬਦਾਲੀ ਦੇ ਛੇਵੇਂ ਹਮਲੇ ਦੌਰਾਨ ਵਾਪਰਿਆ ਸੀ। ਅਬਦਾਲੀ ਨੇ ਭਾਰਤ 'ਤੇ 11 ਹਮਲੇ ਕੀਤੇ ਸਨ। ਅਖੀਰ ਸਿੱਖਾਂ ਹੱਥੋਂ ਹੋਈਆਂ ਬੇਇੱਜ਼ਤੀ ਭਰੀਆਂ ਹਾਰਾਂ ਤੋਂ ਬਾਅਦ ਹੀ ਉਹ ਹਮਲੇ ਕਰਨੋਂ ਹਟਿਆ।

1761 ਵਿਚ ਆਪਣੇ ਪੰਜਵੇਂ ਹਮਲੇ ਸਮੇਂ ਮਰਾਠਿਆਂ ਨੂੰ ਹਰਾਉਣ ਤੋਂ ਬਾਅਦ 25-26 ਹਜ਼ਾਰ ਮਰਾਠਾ ਔਰਤਾਂ, ਬੱਚਿਆਂ ਨੂੰ ਬੰਦੀ ਬਣਾ ਕੇ ਅਬਦਾਲੀ ਕਾਬਲ ਨੂੰ ਚੱਲ ਪਿਆ। ਪੰਜਾਬ ਵਿਚ ਵੜਦੇ ਹੀ ਹਮੇਸ਼ਾ ਵਾਂਗ ਸਿੱਖ ਉਸ ਦੇ ਪਿੱਛੇ ਲੱਗ ਗਏ। ਉਨ੍ਹਾਂ ਨੇ ਲੱਖਾਂ ਰੁਪਏ ਦਾ ਮਾਲ ਅਸਬਾਬ ਲੁੱਟ ਲਿਆ ਤੇ ਹਜ਼ਾਰਾਂ ਹਿੰਦੂ ਲੜਕੀਆਂ-ਲੜਕਿਆਂ ਨੂੰ ਅਬਦਾਲੀ ਦੇ ਪੰਜੇ ਵਿਚੋਂ ਛੁਡਵਾ ਕੇ ਘਰੋ-ਘਰੀ ਪਹੁੰਚਾਇਆ। ਅਬਦਾਲੀ ਨੇ ਭਾਰਤ ਵਿਚ ਮੁਗ਼ਲਾਂ ਤੇ ਮਰਾਠਿਆਂ ਦਾ ਲੱਕ ਤੋੜ ਦਿੱਤਾ ਸੀ। ਹੁਣ ਸਿਰਫ ਸਿੱਖ ਹੀ ਉਸ ਦਾ ਮੁਕਾਬਲਾ ਕਰਨ ਵਾਲੇ ਬਚੇ ਸਨ। ਉਸ ਦਾ ਛੇਵਾਂ ਹਮਲਾ ਨਿਰੋਲ ਸਿੱਖਾਂ ਨੂੰ ਨੇਸਤਾਨਾਬੂਦ ਕਰਨ ਵਾਸਤੇ ਸੀ। ਅਬਦਾਲੀ ਦੇ ਕਾਬਲ ਜਾਂਦੇ ਹੀ ਸਿੱਖਾਂ ਨੇ ਥਾਉਂ-ਥਾਈਂ ਆਪਣੇ ਕਬਜ਼ੇ ਪੱਕੇ ਕਰ ਲਏ। ਅਕਤੂਬਰ 1761 ਨੂੰ ਸਿੱਖਾਂ ਨੇ ਗੁਰਮਤਾ ਕਰਕੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਲਾਹੌਰ ਦੇ ਹਾਕਮ ਉਬੈਦ ਖਾਨ ਨੂੰ ਹਰਾ ਕੇ ਲਾਹੌਰ 'ਤੇ ਕਬਜ਼ਾ ਕਰ ਲਿਆ। ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ 'ਤੇ ਬਿਠਾ ਕੇ ਸੁਲਤਾਨ-ਉਲ-ਕੌਮ ਦੀ ਉਪਾਧੀ ਪ੍ਰਦਾਨ ਕੀਤੀ।

ਸਿੱਖਾਂ ਨੂੰ ਪਤਾ ਸੀ ਕਿ ਅਜੇ ਉਨ੍ਹਾਂ ਕੋਲ ਲਾਹੌਰ 'ਤੇ ਕਬਜ਼ਾ ਬਰਕਰਾਰ ਰੱਖਣ ਦੀ ਤਾਕਤ ਨਹੀਂ ਹੈ। ਇਸ ਲਈ ਉਨ੍ਹਾਂ ਨੇ ਲਾਹੌਰ ਛੱਡ ਕੇ ਜੰਡਿਆਲੇ ਸਰਕਾਰੀ ਚੁਗਲ ਮਹੰਤ ਆਕਿਲ ਦਾਸ ਨਿਰੰਜਨੀਏ ਨੂੰ ਘੇਰਾ ਪਾ ਲਿਆ। ਉਸ ਨੇ ਭਾਈ ਤਾਰੂ ਸਿੰਘ ਅਤੇ ਮਹਿਤਾਬ ਸਿੰਘ ਮੀਰਾਂਕੋਟੀਏ ਵਰਗੇ ਕਈ ਯੋਧਿਆਂ ਨੂੰ ਚੁਗਲੀ ਕਰਕੇ ਕਤਲ ਕਰਵਾਇਆ ਸੀ। ਘੇਰਾ ਲੰਬਾ ਚਲਾ ਗਿਆ, ਮਹੰਤ ਨੇ ਆਪਣੇ ਦੂਤ ਅਬਦਾਲੀ ਵੱਲ ਭਜਾ ਦਿੱਤੇ। ਅਬਦਾਲੀ ਪਹਿਲਾਂ ਹੀ ਪੰਜਾਬ ਵੱਲ ਚੱਲ ਪਿਆ ਸੀ। ਮਹੰਤ ਦੇ ਦੂਤ ਉਸ ਨੂੰ ਰੁਹਤਾਸਗੜ੍ਹ ਮਿਲੇ। ਸਿੱਖਾਂ ਨੂੰ ਵੀ ਅਬਦਾਲੀ ਦੇ ਆਉਣ ਦਾ ਪਤਾ ਚੱਲ ਗਿਆ। ਉਹ ਆਪਣੇ ਟੱਬਰ ਟੋਰ ਨੂੰ ਮਾਲਵੇ ਦੇ ਰੇਤਥਲਿਆਂ ਵੱਲ ਛੱਡਣ ਲਈ ਚੱਲ ਪਏ, ਤਾਂ ਜੋ ਬੇਫਿਕਰ ਹੋ ਕੇ ਅਬਦਾਲੀ ਦਾ ਮੁਕਾਬਲਾ ਕਰ ਸਕਣ। ਜਦੋਂ ਅਬਦਾਲੀ ਲਾਹੌਰ ਪਹੁੰਚਿਆ ਤਾਂ ਸਿੱਖ ਸਤਲੁਜ ਟੱਪ ਕੇ ਮਾਲੇਰਕੋਟਲੇ ਦੇ ਨਜ਼ਦੀਕ ਪਿੰਡ ਕੁੱਪ ਕੋਲ ਡੇਰਾ ਲਾਈ ਬੈਠੇ ਸਨ। ਅੱਜਕਲ੍ਹ ਇਹ ਪਿੰਡ ਮਾਲੇਰਕੋਟਲਾ-ਲੁਧਿਆਣਾ ਮੁੱਖ ਸੜਕ 'ਤੇ ਹੈ।

ਸਿੱਖਾਂ ਦੀ ਲੜਾਕੀ ਫੌਜ ਉਸ ਵੇਲੇ 50 ਕੁ ਹਜ਼ਾਰ ਦੇ ਕਰੀਬ ਸੀ। 50-60 ਹਜ਼ਾਰ ਹੀ ਵਹੀਰ ਸੀ ਔਰਤਾਂ, ਬੱਚੇ ਤੇ ਬ੍ਰਿਧ। ਸਿੱਖ ਜਲਦੀ ਤੋਂ ਜਲਦੀ ਬਰਨਾਲੇ ਵੱਲ ਨਿਕਲਣਾ ਚਾਹੁੰਦੇ ਸਨ, ਤਾਂ ਜੋ ਬਾਬਾ ਆਲਾ ਸਿੰਘ ਦੀ ਮਦਦ ਮਿਲ ਸਕੇ। ਪਰ ਅਬਦਾਲੀ ਤੋਂ ਡਰਦੇ ਮਾਰੇ ਆਲਾ ਸਿੰਘ ਨੇ ਇਸ ਕੌਮੀ ਸੰਕਟ ਵੇਲੇ ਆਪਣੇ ਭਰਾਵਾਂ ਦੀ ਬਾਂਹ ਨਾ ਫੜੀ, ਸਗੋਂ ਰਾਜਧਾਨੀ ਛੱਡ ਕੇ ਆਸੇ-ਪਾਸੇ ਹੋ ਗਿਆ। ਸਿੱਖਾਂ ਨੂੰ ਉਸ ਵੇਲੇ ਅਬਦਾਲੀ ਦੇ ਹੁਕਮ ਨਾਲ ਮਾਲੇਰਕੋਟਲੇ ਦੇ ਨਵਾਬ ਭੀਖਣ ਸ਼ਾਹ ਤੇ ਸਰਹਿੰਦ ਦੇ ਸੂਬੇਦਾਰ ਜੈਨ ਖਾਨ ਨੇ ਘੇਰਾ ਪਾਇਆ ਹੋਇਆ ਸੀ, ਇਸ ਲਈ ਕੂਚ ਕਰਨ ਵਿਚ ਦੇਰੀ ਹੋ ਰਹੀ ਸੀ। ਅਬਦਾਲੀ ਨੂੰ ਜਦੋਂ ਸਿੱਖਾਂ ਦੇ ਮਾਲੇਰਕੋਟਲੇ ਲਾਗੇ ਹੋਣ ਬਾਰੇ ਪਤਾ ਲੱਗਾ ਤਾਂ ਉਸ ਨੇ ਬਿਜਲੀ ਵਰਗੀ ਤੇਜ਼ੀ ਨਾਲ ਕੂਚ ਕੀਤਾ। 5 ਫਰਵਰੀ, 1762 ਨੂੰ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਹੀ ਅਬਦਾਲੀ ਨੇ ਦਲ ਖਾਲਸਾ 'ਤੇ ਬੜਾ ਕਹਿਰੀ ਹਮਲਾ ਕਰ ਦਿੱਤਾ। ਉਸ ਨੇ ਅੱਧੀ ਫੌਜ ਆਪ ਰੱਖੀ ਤੇ ਅੱਧੀ ਆਪਣੇ ਵਜ਼ੀਰ ਸ਼ਾਹਵਲੀ ਖਾਨ ਨੂੰ ਦੇ ਕੇ ਸਮੇਤ ਜੈਨ ਖਾਨ, ਭੀਖਣ ਖਾਨ ਅਤੇ ਦੀਵਾਨ ਲੱਛਮੀ ਨਰਾਇਣ ਸਿੱਖਾਂ ਦੇ ਵਹੀਰ 'ਤੇ ਹਮਲਾ ਕਰਨ ਲਈ ਭੇਜ ਦਿੱਤਾ। ਸਿੱਖਾਂ ਨੇ ਆਪਣੇ ਵਹੀਰ ਨੂੰ ਚਾਰੇ ਪਾਸੇ ਤੋਂ ਘੇਰ ਲਿਆ ਤੇ ਮੁਕਾਬਲੇ ਲਈ ਡਟ ਗਏ। ਇਸ ਯੁੱਧ ਵਿਚ ਤਕਰੀਬਨ ਸਾਰੀਆਂ ਮਿਸਲਾਂ ਦੇ ਸਰਦਾਰ, ਸ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਹਾਜ਼ਰ ਸਨ। ਸ: ਜੱਸਾ ਸਿੰਘ ਨੇ ਲੜਦੇ-ਲੜਦੇ ਬਰਨਾਲੇ ਵੱਲ ਵਧਣ ਦਾ ਹੁਕਮ ਦਿੱਤਾ। ਸਭ ਤੋਂ ਪਹਿਲਾਂ ਕਾਸਿਮ ਖਾਨ ਨੇ ਹਮਲਾ ਕੀਤਾ। ਉਹ ਮੂੰਹ ਦੀ ਖਾ ਕੇ ਅਜੇ ਪਿੱਛੇ ਹਟਿਆ ਸੀ ਕਿ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਨਾਮਵਰ ਜਰਨੈਲਾਂ ਜਹਾਨ ਖਾਨ ਤੇ ਸਰਬੁਲੰਦ ਖਾਨ ਦੇ ਨਾਲ ਚੁਫੇਰਿਉਂ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਬਾਬਾ ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਹੰਭਲਵਾਲ ਦੀ ਨਿਗਰਾਨੀ ਹੇਠ ਵਹੀਰ ਸਮੇਤ ਬਰਨਾਲੇ ਵੱਲ ਕੂਚ ਕਰ ਦਿੱਤਾ।

ਸ਼ਾਹਵਲੀ ਖਾਨ ਵਜ਼ੀਰ ਨੇ ਵਹੀਰ ਦਾ ਬੜਾ ਨੁਕਸਾਨ ਕੀਤਾ। ਹਜ਼ਾਰਾਂ ਬਿਰਧ ਔਰਤਾਂ ਤੇ ਬੱਚੇ ਮਾਰ ਦਿੱਤੇ ਤੇ ਹਜ਼ਾਰਾਂ ਬੰਦੀ ਬਣਾ ਲਏ। ਪਤਾ ਲੱਗਣ 'ਤੇ ਸ: ਜੱਸਾ ਸਿੰਘ ਨੇ ਸ: ਸ਼ਾਮ ਸਿੰਘ, ਸ: ਕਰੋੜਾ ਸਿੰਘ, ਸ: ਨਾਹਰ ਸਿੰਘ ਤੇ ਸ: ਕਰਮ ਸਿੰਘ ਆਦਿ ਨੂੰ ਮਦਦ ਵਾਸਤੇ ਭੇਜਿਆ। ਸਿੱਖਾਂ ਨੇ ਬੰਦੀ ਛੁਡਵਾ ਲਏ ਤੇ ਸ਼ਾਹ ਵਲੀ ਦੀ ਫੌਜ ਦਾ ਬੜਾ ਨੁਕਸਾਨ ਕੀਤਾ। ਤੰਗ ਆ ਕੇ ਵਜ਼ੀਰ ਪਿੱਛੇ ਹਟ ਗਿਆ। ਸ: ਚੜ੍ਹਤ ਸਿੰਘ ਹੱਥੋਂ ਜਰਨੈਲ ਸਰਬੁਲੰਦ ਖਾਨ ਤੇ ਸ: ਜੱਸਾ ਸਿੰਘ ਹੱਥੋਂ ਪ੍ਰਧਾਨ ਸੈਨਾਪਤੀ ਜਹਾਨ ਖਾਨ ਜ਼ਖ਼ਮੀ ਹੋ ਗਿਆ। ਅਬਦਾਲੀ ਤੇਜ਼ ਮਾਰਚ ਕਰਨ ਲਈ ਭਾਰੀਆਂ ਤੋਪਾਂ ਲਾਹੌਰ ਹੀ ਛੱਡ ਆਇਆ ਸੀ। ਉਸ ਕੋਲ ਕਾਫੀ ਮਾਤਰਾ ਵਿਚ ਹਲਕੀਆਂ ਤੋਪਾਂ ਸਨ, ਪਰ ਹੱਥੋ-ਹੱਥ ਲੜਾਈ ਵੇਲੇ ਤੋਪਾਂ ਕੰਮ ਨਹੀਂ ਆਉਂਦੀਆਂ। ਜੇ ਸਿੱਖ ਲੜਦੇ ਹੋਏ ਤੁਰਦੇ ਨਾ ਤਾਂ ਨੁਕਸਾਨ ਬਹੁਤ ਜ਼ਿਆਦਾ ਹੋਣਾ ਸੀ। ਵਾਰ-ਵਾਰ ਘੇਰਾ ਟੁੱਟਣ ਕਾਰਨ ਸਿੱਖਾਂ ਦੀ ਵਹੀਰ ਦਾ ਭਾਰੀ ਨੁਕਸਾਨ ਹੋ ਰਿਹਾ ਸੀ। ਇਸ ਘਮਸਾਨ ਵਿਚ ਦੋ ਪੁਰਾਤਨ ਬੀੜਾਂ, ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀ ਗੁੰਮ ਹੋ ਗਈਆਂ। ਗੁਰੂ ਗ੍ਰੰਥ ਸਾਹਿਬ ਵਾਲੀ ਪਾਲਕੀ ਵੀ ਛੱਡਣੀ ਪਈ। ਜੰਗ ਵਿਚ ਸ: ਚੜ੍ਹਤ ਸਿੰਘ ਸ਼ੁਕਰਚੱਕੀਏ ਨੇ ਖਾਲੀ ਘੋੜਿਆਂ ਦੀ ਮਦਦ ਨਾਲ ਅਨੇਕਾਂ ਬਜ਼ੁਰਗਾਂ, ਔਰਤਾਂ ਤੇ ਭੁਝੰਗੀਆਂ ਨੂੰ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ।

ਦੋਵੇਂ ਧਿਰਾਂ ਖੂਨ ਦੀ ਹੋਲੀ ਖੇਡਦੀਆਂ ਹੋਈਆਂ ਬਰਨਾਲੇ ਵੱਲ ਨੂੰ ਤੁਰੀਆਂ ਜਾ ਰਹੀਆਂ ਸਨ। ਤਿਰਕਾਲਾਂ ਨੂੰ ਪਿੰਡ ਕੁਤਬਾ ਤੇ ਬਾਹਮਣੀਆਂ ਦੇ ਨਜ਼ਦੀਕ ਸਿੰਘਾਂ ਦਾ ਘੇਰਾ ਟੁੱਟ ਗਿਆ। ਇਥੇ ਹੀ ਸਿੱਖਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ। ਦੁਰਾਨੀ ਫੌਜ ਨੇ ਹਜ਼ਾਰਾਂ ਦੀ ਗਿਣਤੀ ਵਿਚ ਬਜ਼ੁਰਗ, ਇਸਤਰੀਆਂ ਤੇ ਬੱਚੇ ਕਤਲ ਕੀਤੇ। ਪਿੰਡ ਕੁਤਬੇ ਕੋਲ ਪਾਣੀ ਢਾਬ ਸੀ, ਜੋ ਸਿੱਖਾਂ ਨੇ ਰੋਕ ਲਈ। ਇਹ ਢਾਬ 1965-70 ਤੱਕ ਮੌਜੂਦ ਰਹੀ ਸੀ। ਦੋਵੇਂ ਫੌਜਾਂ ਥੱਕ ਕੇ ਚੂਰ ਹੋਈਆਂ ਪਈਆਂ ਸਨ ਤੇ ਪਿਆਸ ਨਾਲ ਬੁਰਾ ਹਾਲ ਸੀ। ਦੋਵੇਂ ਫੌਜਾਂ ਪਿਛਲੇ 48 ਘੰਟੇ ਤੋਂ ਲਗਾਤਾਰ ਚੱਲ ਰਹੀਆਂ ਸਨ ਤੇ 10 ਘੰਟੇ ਤੋਂ ਲੜ ਰਹੀਆਂ ਸਨ। ਜਦ ਤੱਕ ਵਹੀਰ ਪਾਣੀ ਪੀ ਕੇ ਚਲਾ ਨਾ ਗਿਆ, ਸਿੱਖਾਂ ਨੇ ਦੁਰਾਨੀਆਂ ਨੂੰ ਪਾਣੀ ਦੇ ਲਾਗੇ ਨਾ ਫਟਕਣ ਦਿੱਤਾ। ਫਿਰ ਸਿੱਖ ਪਾਣੀ ਪੀ ਕੇ ਵਹੀਰ ਦੇ ਮਗਰ ਚੱਲ ਪਏ। ਦੁਰਾਨੀ ਫੌਜਾਂ ਪਿਆਸ ਨਾਲ ਮਰੀਆਂ ਪਈਆਂ ਸਨ। ਉਹ ਪਾਣੀ 'ਤੇ ਟੁੱਟ ਪਈਆਂ, ਏਨੇ ਨੂੰ ਸਿੱਖ ਦੂਰ ਨਿਕਲ ਗਏ। ਅਬਦਾਲੀ ਨੇ ਸਿੱਖਾਂ ਦਾ ਬਰਨਾਲੇ ਤੱਕ ਪਿੱਛਾ ਕੀਤਾ। ਅੱਗੇ ਹਨੇਰਾ ਹੋਣ ਤੇ ਸਿੱਖ ਵਸੋਂ ਵਾਲੇ ਪਿੰਡ ਆਉਣ ਕਰਕੇ ਉਹ ਰੁਕ ਗਿਆ। ਸਿੱਖ ਅੱਗੇ ਕੋਟਕਪੂਰਾ, ਲੱਖੀ ਜੰਗਲ ਤੇ ਫਰੀਦਕੋਟ ਵੱਲ ਨੂੰ ਨਿਕਲ ਗਏ। ਕੁੱਪ ਤੋਂ ਲੈ ਕੇ ਬਰਨਾਲੇ ਤੱਕ ਲਾਸ਼ਾਂ ਹੀ ਲਾਸ਼ਾਂ ਖਿਲਰੀਆਂ ਹੋਈਆਂ ਸਨ। ਸਿੱਖਾਂ ਦਾ ਅੱਗੇ ਕਦੇ ਇਕ ਹੀ ਦਿਨ ਵਿਚ ਏਨਾ ਨੁਕਸਾਨ ਨਹੀਂ ਸੀ ਹੋਇਆ। ਇਸ ਘੱਲੂਘਾਰੇ ਵਿਚ ਸਿੱਖਾਂ ਦਾ ਨੁਕਸਾਨ ਹੋਣ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ ਵਹੀਰ ਨਾਲ ਹੋਣਾ ਸੀ। ਉਨ੍ਹਾਂ ਨੂੰ ਵਹੀਰ ਬਚਾਉਣ ਦੀ ਚਿੰਤਾ ਸੀ, ਨਹੀਂ ਤਾਂ ਉਹ ਛਾਪਾਮਾਰ ਯੁੱਧ ਕਰਕੇ ਨਿਕਲ ਸਕਦੇ ਸਨ। ਦੂਸਰਾ ਉਨ੍ਹਾਂ ਦੀ ਫੌਜ ਕਰੀਬ 50 ਹਜ਼ਾਰ ਤੇ ਅਬਦਾਲੀ ਦੀ 2 ਲੱਖ ਦੇ ਕਰੀਬ ਸੀ। ਅਬਦਾਲੀ ਦੀ ਮਦਦ 'ਤੇ ਸਾਰੇ ਪੰਜਾਬ ਦੇ ਫੌਜਦਾਰਾਂ ਤੇ ਚੌਧਰੀਆਂ ਦੀ ਫੌਜ ਹਾਜ਼ਰ ਸੀ, ਜਦ ਕਿ ਸਿੱਖਾਂ ਨੂੰ ਇਕੱਲੇ ਲੜਨਾ ਪਿਆ। ਬਾਬਾ ਆਲਾ ਸਿੰਘ 'ਤੇ ਬੜੀ ਉਮੀਦ ਸੀ, ਪਰ ਉਸ ਨੇ ਕਿਸੇ ਧਿਰ ਦੀ ਮਦਦ ਨਾ ਕੀਤੀ। ਲੜਾਕੇ ਸਿਪਾਹੀਆਂ ਦਾ ਨੁਕਸਾਨ ਦੋਹੀਂ ਪਾਸੀ ਇਕੋ ਜਿਹਾ ਹੀ ਸੀ। 10-12 ਹਜ਼ਾਰ ਸਿੱਖ ਸ਼ਹੀਦ ਹੋਏ ਤੇ ਏਨੇ ਹੀ ਦੁਰਾਨੀ। ਸਿੱਖਾਂ ਦੇ ਬਾਲ-ਬੱਚੇ ਤੇ ਔਰਤਾਂ 18-20 ਹਜ਼ਾਰ ਦੇ ਕਰੀਬ ਕਤਲ ਹੋਏ। ਇਸ ਤਰ੍ਹਾਂ ਸਿੱਖਾਂ ਦਾ ਨੁਕਸਾਨ 30-32 ਹਜ਼ਾਰ ਦੇ ਕਰੀਬ ਸੀ।


ਸਿੱਖਾਂ ਦਾ ਸਾਰਾ ਸਾਮਾਨ ਲੁੱਟਿਆ ਗਿਆ। ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀਆਂ ਪੁਰਾਤਨ ਬੀੜਾਂ ਅਬਦਾਲੀ ਦੇ ਹੱਥ ਆ ਗਈਆਂ, ਜੋ ਉਸ ਨੇ ਨਸ਼ਟ ਕਰ ਦਿੱਤੀਆਂ। ਸ: ਜੱਸਾ ਸਿੰਘ, ਸ: ਚੜ੍ਹਤ ਸਿੰਘ ਤੇ ਸ: ਸ਼ਾਮ ਸਿੰਘ ਆਦਿ ਸਰਦਾਰਾਂ ਦੇ ਕਈ-ਕਈ ਫੱਟ ਲੱਗੇ। ਕੋਈ ਸਿੱਖ ਸੈਨਿਕ ਨਾ ਬਚਿਆ, ਜਿਸ ਦੇ ਜ਼ਖ਼ਮ ਨਾ ਲੱਗਾ ਹੋਵੇ। ਪਰ ਸਿੱਖਾਂ ਦੇ ਮਨਾਂ ਵਿਚ ਇਸ ਘੱਲੂਘਾਰੇ ਦਾ ਬੜਾ ਵਧੀਆ ਅਸਰ ਹੋਇਆ। ਉਨ੍ਹਾਂ ਦੇ ਦਿਲ ਵਿਚ ਜੋ ਅਬਦਾਲੀ ਦਾ ਮਾੜਾ-ਮੋਟਾ ਡਰ ਸੀ, ਉਹ ਵੀ ਨਿਕਲ ਗਿਆ। ਜੇ ਕੋਈ ਹੋਰ ਕੌਮ ਹੁੰਦੀ ਤਾਂ ਮਰਾਠਿਆਂ ਵਾਂਗ ਦੁਬਾਰਾ ਉੱਠ ਨਾ ਸਕਦੀ। ਪਰ ਸਿੱਖਾਂ ਨੇ 6 ਮਹੀਨਿਆਂ ਬਾਅਦ ਹੀ ਅਬਦਾਲੀ ਨੂੰ ਜੰਗ ਪਿੱਪਲੀ ਸਾਹਿਬ ਵਿਚ ਘੇਰ ਲਿਆ।

ਅਬਦਾਲੀ ਨੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿਚ ਬਰੂਦ ਦੱਬ ਕੇ ਮੁੱਢੋਂ ਉਡਾ ਦਿੱਤਾ। ਉਹ ਇਹ ਵੇਖਣ ਵਾਸਤੇ 9-10 ਮਹੀਨੇ ਹੋਰ ਪੰਜਾਬ ਵਿਚ ਰਿਹਾ ਕਿ ਸਿੱਖ ਦੁਬਾਰਾ ਉੱਠਦੇ ਹਨ ਕਿ ਨਹੀਂ। ਸਿੱਖਾਂ ਨੇ 5-6 ਮਹੀਨੇ ਮਾਲਵੇ ਵਿਚ ਕੱਢੇ। ਉਨ੍ਹਾਂ ਦੇ ਮਨਾਂ ਵਿਚ ਘੱਲੂਘਾਰੇ ਵਿਚ ਹੋਏ ਕਤਲੇਆਮ ਦਾ ਬੜਾ ਰੰਜ ਸੀ। ਜਦੋਂ ਫੱਟ ਜ਼ਰਾ ਕੁ ਆਠਰੇ ਤਾਂ ਅਬਦਾਲੀ ਤੋਂ ਬਦਲਾ ਲੈਣ ਦਾ ਗੁਰਮਤਾ ਪਾਸ ਕੀਤਾ ਗਿਆ। 5 ਫਰਵਰੀ, 1762 ਈ: ਨੂੰ ਘੱਲੂਘਾਰਾ ਹੋਇਆ ਤੇ ਮਈ 1762 ਨੂੰ ਸਿੱਖਾਂ ਨੇ ਸਰਹਿੰਦ ਨੂੰ ਘੇਰ ਲਿਆ। ਜੈਨ ਖਾਨ ਨੇ ਮੁਕਾਬਲਾ ਕਰਨ ਦੀ ਬਜਾਏ 50 ਹਜ਼ਾਰ ਰੁਪਈਆ ਨਜ਼ਰਾਨਾ ਦੇ ਕੇ ਰਾਜ਼ੀਨਾਮਾ ਕਰ ਲਿਆ। ਸਿੱਖਾਂ ਨੇ ਦੂਰੋਂ-ਨੇੜਿਉਂ ਹਥਿਆਰ ਤੇ ਗੋਲੀ-ਸਿੱਕਾ ਖਰੀਦ ਕੇ ਅੰਮ੍ਰਿਤਸਰ ਨੂੰ ਕੂਚ ਕਰ ਦਿੱਤੇ।

ਦੀਵਾਲੀ ਤੱਕ 60 ਹਜ਼ਾਰ ਦੇ ਕਰੀਬ ਸਿੱਖ ਸ਼ਹੀਦੀ ਗਾਨੇ ਬੰਨ੍ਹ ਕੇ ਲਾੜੀ ਮੌਤ ਨੂੰ ਵਿਆਹੁਣ ਲਈ ਅੰਮ੍ਰਿਤਸਰ ਇਕੱਠੇ ਹੋ ਗਏ। ਅਬਦਾਲੀ ਸਿੱਖਾਂ ਨਾਲ ਲੜਨ ਤੋਂ ਘਬਰਾ ਰਿਹਾ ਸੀ, ਕਿਉਂਕਿ ਉਸ ਦੀ ਮੁੱਖ ਫੌਜ ਜਨਰਲ ਨੂਰਉਦੀਨ ਦੀ ਅਗਵਾਈ ਹੇਠ ਕਸ਼ਮੀਰ ਦੇ ਬਾਗੀ ਗਵਰਨਰ ਸੁੱਖਜੀਵਨ ਮੱਲ ਨੂੰ ਦਬਾਉਣ ਲਈ ਗਈ ਹੋਈ ਸੀ। ਉਸ ਨੇ ਸੁਲ੍ਹਾ ਕਰਨ ਲਈ ਆਪਣੇ ਦੂਤ ਅੰਮ੍ਰਿਤਸਰ ਭੇਜੇ, ਜਿਨ੍ਹਾਂ ਨੂੰ ਸਿੱਖਾਂ ਨੇ ਬੇਇੱਜ਼ਤ ਕਰਕੇ ਵਾਪਸ ਭੇਜ ਦਿੱਤਾ। ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਅਬਦਾਲੀ ਇਕ ਲੱਖ ਦੇ ਕਰੀਬ ਫੌਜ ਲੈ ਕੇ 16 ਅਕਤੂਬਰ ਨੂੰ ਅੰਮ੍ਰਿਤਸਰ ਪਹੁੰਚ ਗਿਆ।

ਅਗਲੇ ਦਿਨ 17 ਅਕਤੂਬਰ, 1762 ਨੂੰ ਦੀਵਾਲੀ ਸੀ ਤੇ ਪੂਰਨ ਸੂਰਜ ਗ੍ਰਹਿਣ ਸੀ। ਤੜਕੇ ਹੀ ਸਿੱਖ ਅਬਦਾਲੀ 'ਤੇ ਟੁੱਟ ਪਏ। ਸਾਰਾ ਦਿਨ ਬੜਾ ਘੋਰ ਯੁੱਧ ਹੋਇਆ। ਪਾਣੀਪਤ ਅਤੇ ਅਨੇਕਾਂ ਯੁੱਧਾਂ ਦਾ ਗਾਜ਼ੀ ਅਬਦਾਲੀ ਸ਼ਾਮ ਤੱਕ ਬੁਰੀ ਤਰ੍ਹਾਂ ਹਾਰ ਕੇ ਲਾਹੌਰ ਦੌੜ ਗਿਆ। ਇਸ ਜੰਗ ਤੋਂ ਬਾਅਦ ਫਿਰ ਅਬਦਾਲੀ ਦੇ ਪੈਰ ਨਾ ਲੱਗੇ। ਕਸ਼ਮੀਰ ਤੋਂ ਵਾਪਸ ਆਈ ਫੌਜ ਅਤੇ ਹੋਰ ਚੌਧਰੀਆਂ ਦੀ ਫੌਜ ਨਾਲ ਲੈ ਕੇ ਉਹ ਸਿੱਖਾਂ ਮਗਰ ਚੜ੍ਹਿਆ, ਪਰ ਸਿੱਖਾਂ ਨੇ ਛਾਪਾਮਾਰ ਯੁੱਧ ਨਾਲ ਅਬਦਾਲੀ ਦੀ ਜਾਨ ਤੰਗ ਕਰ ਦਿੱਤੀ। ਇਕ ਦਿਨ ਇਕ ਇਕੱਲਾ ਘੋੜਸਵਾਰ ਸਿੱਖ ਹੀ ਘੋੜਾ ਦੌੜਾ ਕੇ ਅਬਦਾਲੀ ਨੂੰ ਆ ਪਿਆ। ਉਹ ਤਾਂ ਉਸ ਦੇ ਅੰਗ-ਰੱਖਿਅਕਾਂ ਹੱਥੋਂ ਮਾਰਿਆ ਗਿਆ, ਪਰ ਇਸ ਗੱਲ ਨੇ ਅਬਦਾਲੀ ਦੇ ਦਿਲ 'ਤੇ ਬੜਾ ਗਹਿਰਾ ਅਸਰ ਕੀਤਾ। ਉਹ ਸਮੇਤ ਫੌਜ ਵਾਪਸ ਲਾਹੌਰ ਆ ਬੈਠਾ। ਇਲਾਕੇ ਦਾ ਪ੍ਰਬੰਧ ਕਰਕੇ ਉਹ 12 ਦਸੰਬਰ, 1762 ਨੂੰ ਲਾਹੌਰ ਤੋਂ ਕਾਬਲ ਲਈ ਤੁਰ ਪਿਆ। ਉਸ ਦੇ ਰਾਵੀ ਪਾਰ ਕਰਦੇ ਹੀ ਸਿੱਖਾਂ ਨੇ ਉਸ ਦੀ ਫੌਜ 'ਤੇ ਹਮਲਾ ਕਰ ਦਿੱਤਾ। ਮੱਧ ਏਸ਼ੀਆ ਦਾ ਸਭ ਤੋਂ ਵੱਡਾ ਜਰਨੈਲ ਸਾਹਮਣੇ ਦੂਸਰੇ ਕਿਨਾਰੇ 'ਤੇ ਤਬਾਹ ਹੁੰਦੀ ਫੌਜ ਨੂੰ ਬਚਾਉਣ ਲਈ ਕੁਝ ਨਾ ਕਰ ਸਕਿਆ ਤੇ ਕੰਨ ਵਲੇਟ ਕੇ ਕਾਬਲ ਨੂੰ ਤੁਰ ਪਿਆ।

# ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਜਸਵੰਤ ਸਿੰਘ ਕੰਵਲ ਦੀ ਆਖਰੀ ਵਾਰਤਾਲਾਪ ਦਾ ਮੂਲ ਪਾਠ



ਆ ਬਈ ਕੰਵਲ ਚੜ੍ਹਦੀਕਲਾ ਵਿਚ ਏਂ?

ਆਦਤ ਅਨੁਸਾਰ ਮੈਨੂੰ ਚੋਟ ਮਾਰ ਕੇ ਉਹ ਹਸ ਪਏ। ਉਹ ਮੈਨੂੰ ਕਮਿਊਨਿਸਟ ਹੀ ਸਮਝਦੇ ਸਨ।

ਗਲਤ ਭਾਣਾ ਵਰਤਦਾ ਵੇਖ ਕੇ ਸੋਚ ਦਾ ਬੁਰਾ ਹਾਲ ਐ, ਮੈਂ ਨਿਮਰਤਾ ਨਾਲ ਮੋੜ ਦਿਤਾ।

ਤੇਰੇ/ਮੇਰੇ ਗੁਰੂ ਗੋਬਿੰਦ ਸਿੰਘ ਨੇ ਲੜਦਿਆਂ ਸਮੇਂ ਨਤੀਜਿਆਂ ਦੀ ਪ੍ਰਵਾਹ ਨਹੀਂ ਸੀ ਕੀਤੀ, ਉਹਨਾਂ ਫ਼ਖ਼ਰ ਨਾਲ ਕਿਹਾ।

ਉਹਨਾਂ ਹਕਾਂ ਲਈ ਵਿਰੋਧੀਆਂ ਖਿਲਾਫ ਹੋਸ਼ ਨਾਲ ਲੜਨਾ ਸਿਖਾਇਆ ਸੀ। ਉਹਨਾਂ ਸਤਿਬਚਨੀ ਨੂੰ ਕਮਾ ਕੇ ਵਿਖਾਇਆ ਸੀ ਅਤੇ ਨਤੀਜੇ ਵਜੋਂ ਇਕ ਬਹਾਦਰ ਕੌਮ ਦੁਸ਼ਮਣ ਦੇ ਬਰਾਬਰ ਟਕਰ ਵਾਲੀ ਖੜੀ ਕਰ ਦਿਤੀ ਸੀ।

ਹੁਣ ਇਸ ਟਕਰ ਬਾਰੇ ਤੇਰੀ ਕਲਮ ਕੀ ਕਹਿੰਦੀ ਐ? ਚੋਟ ਵਾਲਾ ਡੰਗ ਹਾਲੇ ਓਵੇਂ ਹੀ ਤਿਖਾ ਸੀ। ਉਹ ਮੈਨੂੰ ਕਮਿਊਨਿਸਟ ਸਮਝ ਚੋਟ ਮਾਰ ਕੇ ਸੁਆਦ ਵੀ ਲੈਂਦੇ ਸਨ।

ਮੈਂ ਬੇਨਤੀ ਕਰਨ ਆਇਆ ਆਂ, ਫਿਲਹਾਲ ਸਰਕਾਰ ਨਾਲ ਟਕਰਾਓ ਛਡ ਦਿਓ, ਲੋਹਾ ਬਿਲਕੁਲ ਤੱਤਾ ਨਹੀਂ, ਬਾਹਰ ਆ ਕੇ ਧੰਗੇੜਾਂ ਵਿਰੁਧ ਲੋਕਾਂ ਨੂੰ ਹੋਰ ਜੋੜੋ, ਮੈਂ ਜੋ ਸੋਚ ਕਿ ਆਇਆ ਸਾਂ ਕਹਿ ਦਿੱਤਾ।

ਤੇਰੀ ਇੰਦਰਾ ਤਾਂ ਸਿਖਾਂ ਨੂੰ ਮਾਰਨ ਲਈ ਤੁਲੀ ਐ। ਉਹ ਤੇਰੀ ਇੰਦਰਾ ਕਹਿ ਕੇ ਸੁਆਦ ਲੈਂਦੇ ਸਨ।

ਚੜ੍ਹ ਕੇ ਤਾਂ ਉਹ ਸਾਡੇ ਉਤੇ ਆਈ ਏ, ਅਸੀਂ ਤਾਂ ਉਸ ਦੀ ਪਾਰਲੀਮੈਂਟ ਨਹੀਂ ਘੇਰੀ, ਉਹਨਾਂ ਲੰਮੇ ਦਾਹੜੇ ਉਤੋਂ ਦੀ ਹਥ ਫੇਰਿਆ। ਖਬੇ ਹਥ ਤੀਰ ਲਿਸ਼ਕਾਂ ਮਾਰ ਰਿਹਾ ਸੀ।

ਪਿਛਲੇ ਸਾਲ ਤਾਂ ਭਿੰਡਰ ਦੀ ਇਲੈਕਸ਼ਨ ਵਿਚ ਤੁਸੀਂ ਇਕ ਸਟੇਜ ਤੋਂ ਅਕਾਲੀਆਂ ਵਿਰੁਧ ਇਕਠੇ ਤਕਰੀਰਾਂ ਕਰ ਰਹੇ ਸੀ, ਹੁਣ ਮੇਰੀ ਇੰਦਰਾ ਬਣਾ ਧਰੀ। ਮੈਂ ਵੀ ਚੋਟ ਦਾ ਜਵਾਬ ਮੋੜਿਆ।

ਇਹ ਵੇਲੇ-ਵੇਲੇ ਦੀਆਂ ਗਲਾਂ ਹਨ। ਅਸੀਂ ਸਿਧੇ ਨਾਲ ਪੂਰੇ ਸਿਧੇ ਤੇ ਵਿੰਗੇ ਨਾਲ ਖਾੜਕੂ, ਗੁਰੂ ਦਾ ਗੌਰਵ ਅਤੇ ਰਜ਼ਾ ਸਾਡੇ ਨਾਲ ਐ। ਉਹਨਾਂ ਭਰਵੀਂ ਤਸਲੀ ਨਾਲ ਮੈਨੂੰ ਹਲੂਣਿਆ।

ਮੈਂ ਪਿੰਡੋਂ ਮਿਥ ਕੇ ਤੁਹਾਨੂੰ ਬੇਨਤੀ ਕਰਨ ਆਇਆ ਆਂ, ਤੁਸੀਂ ਇਸ ਟਕਰਾਅ ਨੂੰ ਰੋਕ ਸਕਦੇ ਹੋ, ਸ੍ਰੀ ਅਕਾਲ ਤਖਤ ਸਾਹਿਬ ਛਡ ਕੇ ਬਾਹਰ ਆ ਜਾਓ ਅਤੇ ਨਿਧੜਕ ਪੇਸ਼ ਹੋ ਜਾਓ, ਇਹ ਮੇਰੀ ਦੂਰ ਦੀ ਸਲਾਹ ਸੋਚ ਐ।

ਮੈਂ ਹਿਕ ਉਤੇ ਹਥ ਰਖ ਕੇ ਉਹਨਾਂ ਨੂੰ ਨਿਸ਼ਚਾ ਦੁਹਰਾਇਆ, ਸਰਕਾਰ ਤੁਹਾਨੂੰ ਮਾਰੇਗੀ ਕਦੇ ਨਹੀਂ, ਅਕਾਲੀਆਂ ਵਿਰੁਧ ਤੁਹਾਨੂੰ ਵਰਤਣਾ ਜ਼ਰੂਰੀ ਚਾਹੇਗੀ, ਇਹਨਾਂ ਦੋਹਾਂ ਰਾਹਾਂ ਲਈ ਪੈਂਤੜਾ ਤੁਸੀਂ ਆਪ ਬਣਾਉਣਾ ਹੈ।

ਕੀ ਭੋਲੀਆਂ ਗਲਾਂ ਕਰਦਾ ਏਂ ਕੰਵਲ! ਵਾਰੇਸ਼ਾਹ ਕਹਿੰਦਾ ਸੀ, 'ਅਸੀਂ ਇਸ਼ਕ ਦੇ ਆਣ ਮੈਦਾਨ ਰੁਝੇ, ਬੁਰਾ ਸੂਰਮੇ ਨੂੰ ਰਣੋ ਹਲਣਾ ਈ, ਸ਼ਹੀਦੀ ਦੇਣ ਦੀ ਮੈਂ ਅਰਦਾਸ ਕਰ ਚੁਕਾ ਹਾਂ ਗੁਰੂ ਅਗੇ, ਉਹਨਾਂ ਭਰਵੇਂ ਜਲਾਲ ਵਿਚ ਤੀਰ ਸਜਿਓਂ ਖਬੇ ਹਥ ਕਰ ਲਿਆ।

ਇਸ ਟਾਕਰੇ ਵਿਚ ਸਿਖ ਕੌਮ ਦੀ ਬਰਬਾਦੀ ਬਹੁਤੀ ਐ, ਸ੍ਰੀ ਦਰਬਾਰ ਸਾਹਿਬ ਦੀ ਹਾਨੀ ਵਖਰੀ। ਜੋਸ਼ ਤੇ ਜਜ਼ਬੇ ਦੀ ਤਾਕਤ ਨੂੰ ਮੈਂ ਮੰਨਦਾ ਆਂ ਪਰ ਤਾਕਤ ਰਾਜਨੀਤਕ ਹੋਸ਼ ਬਿਨਾਂ ਆਪਣੇ ਜ਼ੋਰ ਨਾਲ ਹੀ ਢਹਿ ਪੈਂਦੀ ਹੈ। ਤੁਹਾਡੇ ਤੇ ਗੁਰੂ ਅਗੇ ਬੇਨਤੀ ਹੈ ਇਹ ਜਜ਼ਬਾਤੀ ਪੈਂਤੜਾ ਛਡੋ ਨਸ਼ੰਗ ਨਾ ਪਰ ਇਸ ਨੂੰ ਬਦਲ ਜ਼ਰੂਰ ਲਓ, ਮੇਰੇ ਹੱਥ ਜੋੜੇ ਹੋਏ ਸਨ।

ਜਿਸ ਗੁਰੂ ਅਗੇ ਤੂੰ ਬੇਨਤੀ ਕਰ ਰਿਹਾ ਹੈਂ, ਉਸੇ ਗੁਰੂ ਅਗੇ ਮੈਂ ਸਿਰ ਧੜ ਦੀ ਲਾਉਣ ਦੀ ਅਰਦਾਸ ਕਰ ਚੁਕਾ ਆਂ, ਤੇਰੀਆਂ ਕਿਥੇ ਭਾਉਂਦੀਆਂ ਹਨ, ਉਹਨਾਂ ਦਾ ਰੋਹਬ ਹੋਰ ਜਲਾਲ ਫੜ ਗਿਆ।

ਗੁਰੂ ਨੇ ਸੰਗਤ ਨੂੰ ਆਪਣੇ ਨਾਲੋਂ ਵਡੀ ਆਖਿਆ ਸੀ। ਜੇ ਸੰਗਤ ਤੁਹਾਡੀ ਥਾਂ ਅਰਦਾਸ ਕਰਕੇ ਟਕਰਾਓ ਨੂੰ ਰੋਕ ਲਵੇ? ਮੈਂ ਆਪਣੇ ਵੱਲੋਂ ਕਾਮਯਾਬ ਭਲਥਾ ਮਾਰਿਆ, ਮੈਨੂੰ ਪੂਰੀ ਆਸ ਸੀ ਉਹ ਗੁਰੂ ਬਚਨਾਂ ਅਗੇ ਟਕਰਾਓ ਵਾਲਾ ਪੈਂਤੜਾ ਛਡ ਦੇਣਗੇ।

ਮੈਂ ਸੰਗਤ ਨੂੰ ਕਹਿ ਕੇ ਆਪਣੀ ਅਰਦਾਸ ਤੋਂ ਨਹੀਂ ਫਿਰਾਂਗਾ। ਮੈਂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਨਹੀਂ। ਮੈਂ ਆਪਣੀ ਅਰਦਾਸ ਅਨੁਸਾਰ ਸ਼ਹਾਦਤ ਦਾ ਜਾਮ ਪੀਵਾਂਗਾ। ਤੀਰ ਨਾਲ ਉਹਨਾਂ ਦੀ ਉਂਗਲ ਖੜ੍ਹੀ ਹੋ ਗਈ।

ਘੋਰ ਬਰਬਾਦੀ! ਜਨਰਲ ਪਿਛੋਂ ਫੌਜ ਉਤੇ ਕੀ ਭਾਵੀ ਬੀਤਦੀ ਹੈ ਅਤੇ ਤੁਹਾਡੇ ਪਿਛੋਂ ਸੰਗਤ ਦਾ ਕੀ ਹਾਲ ਹੋਵੇਗਾ? ਜੇ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਜੰਗ ਵਿਚ ਸੰਗਤ ਦੇ ਜ਼ੋਰ ਦੇਣ ਉਤੇ ਗੜ੍ਹੀ ਵਿਚੋਂ ਨਾ ਨਿਕਲਦੇ, ਅੱਜ ਸਿਖ ਦੇਸਾਂ ਪ੍ਰਦੇਸਾਂ ਵਿਚ ਨਾ ਬੈਠੇ ਹੁੰਦੇ। ਮੈਂ ਕਰੜੀ ਇਤਿਹਾਸਕ ਮਿਸਾਲ ਸੰਤਾਂ ਅਗੇ ਰਖ ਦਿਤੀ।

ਕੰਵਲ ਤੂੰ ਚੁਸਤੀ ਨਾਲ ਮੈਨੂੰ ਸ਼ਹਾਦਤ ਤੋਂ ਨਹੀਂ ਥਿੜਕਾ ਸਕਦਾ। ਸਚ ਦੇ ਰਾਹ ਸ਼ਹੀਦ ਹੋਣ ਵਾਲਿਆਂ ਦਾ ਗੁਰੂ ਆਪ ਰਾਖਾ ਹੁੰਦਾ ਏ। ਇਤਿਹਾਸ ਦਸਦਾ ਏ ਸ਼ਹੀਦਾਂ ਦਾ ਲਹੂ ਅਜ਼ਾਦੀ ਦੀ ਨਵੀਂ ਲਕੀਰ ਖਿਚਦਾ ਏ। ਮੈਂ ਦਸਮ ਪਾਤਸ਼ਾਹ ਦਾ ਸਿੰਘ ਆਂ, ਸਿਰ ਦੇਵਾਂਗਾ ਪਰ ਵਚਨ ਤੋਂ ਨਹੀਂ ਹਾਰਾਂਗਾ ਉਹਨਾਂ ਦੀ ਦ੍ਰਿੜ੍ਹਤਾ ਵੇਖਣ ਵਾਲੀ ਸੀ।

ਸੰਤ ਜੀ ਮੋੜ ਕਟੋ, ਮੈਂ ਹਥ ਜੋੜਦਾ ਆਂ। ਲੋਕਾਂ ਨੂੰ ਜੋੜੋ, ਸ਼ਰਧਾ ਸ਼ਕਤੀ ਨੂੰ ਭਵਾਨੀ ਬਣਾਓ। ਇਹ ਅਹਿਸਾਸ ਸ਼ਕਤੀ ਜੇ ਅੱਜ ਕੁਚਲੀ ਗਈ ਪਤਾ ਨਹੀਂ ਮੁੜ ਕਦੋਂ ਤਾਰੀਖੀ ਉਭਾਰ ਉਠੇ। ਹਾਰ ਹਮੇਸ਼ਾ ਗਦਾਰਾਂ ਦੀ ਧਾੜ ਪੈਦਾ ਕਰਦੀ ਹੈ। ਸਿਖ ਰਾਜ ਦੀਆਂ ਲੜਾਈਆਂ ਦਾ ਹਾਲ ਪੜ੍ਹ ਲਵੋ। ਹਾਰ ਕਈ ਵਾਰ ਸਦੀਆਂ ਤਕ ਮੁੜ ਉਠਣ ਦੀ ਸ਼ਕਤੀ ਨਿਸਲ ਪਾ ਜਾਂਦੀ ਐ। ਮੈਂ ਉਹਨਾਂ ਨੂੰ ਨਤੀਜੇ ਸਮਝਾਉਣ ਲਈ ਪੂਰਾ ਟਿਲ ਲਾਇਆ।

ਕੰਵਲ! ਮੇਰੇ ਕੋਲ ਢਾਹੂ ਗਲਾਂ ਨਾ ਕਰ। ਕਲਮਾਂ ਵਾਹੁਣ ਵਾਲੇ ਬੁਜ਼ਦਿਲ ਹੁੰਦੇ ਐ, ਐਨ ਸਮਾਂ ਆਉਣ ਉਤੇ ਭਜ ਤੁਰਦੇ ਐ। ਸੰਤ ਜਰਨੈਲ ਸਿੰਘ ਨੇ ਇਕ ਤਰ੍ਹਾਂ ਮੇਰੇ ਕਪਾਲ ਵਿਚ ਖਿਚ ਮਾਰੀ।

ਜੋਸ਼ ਉਬਲ ਕੇ ਭਾਂਡਿਓਂ ਬਾਹਰ ਡੁਲ੍ਹ ਪੈਂਦਾ ਹੈ, ਸਮਝ ਗਿਆਨ ਉਸ ਨੂੰ ਸ਼ਕਤੀ ਬਣਾ ਕੇ ਵਰਤਦਾ ਹੈ। ਗੁਰੂ ਗੋਬਿੰਦ ਸਿੰਘ ਜੀ ਜਿੰਨੇ ਹਥਿਆਰ ਦੇ ਧਨੀ ਸਨ, ਉਸ ਤੋਂ ਵਧ ਕਲਮ ਦੇ ਮਾਹਿਰ ਸਨ। ਤੁਸੀਂ ਰਾਜਨੀਤੀ ਨਾਲ ਪੰਗਾ ਵੀ ਲੈਂਦੇ ਹੋ, ਉਸ ਨੂੰ ਬੂਹਿਓਂ ਬਾਹਰ ਵੀ ਰਖਦੇ ਹੋ। ਇਸ ਨਾਜ਼ੁਕ ਸਮੇਂ ਪੈਂਤੜਾ ਬਦਲਣ ਦੀ ਲੋੜ ਹੈ। ਮੈਂ ਕਿਸੇ ਵੀ ਤਰ੍ਹਾਂ ਉਹਨਾਂ ਨੂੰ ਟਕਰਾਓ ਤੋਂ ਰੋਕਣਾ ਚਾਹੁੰਦਾ ਸਾਂ।

ਤੈਨੂੰ ਹੋਰ ਦਸਾਂ, ਤੇਰਾ ਸਾਰਾ ਲਿਖਾਰੀ ਲਾਣਾ ਬੁਜ਼ਦਿਲ ਹੁੰਦਾ ਏ, ਮਰ ਨਹੀਂ ਸਕਦਾ। ਮੈਂ ਰਾਜਨੀਤੀ ਨਾਲੋਂ ਧਰਮ ਨਾਲ ਪਿਆਰ ਕਰਨ ਵਾਲਾ ਗੁਰੂ ਦਾ ਸਿੰਘ ਆਂ। ਆਪਣੀ ਅਰਦਾਸ ਤੋਂ ਜ਼ਰਾ ਜਿੰਨਾ ਏਧਰ ਓਧਰ ਨਹੀਂ ਹੋਵਾਂਗਾ। ਤੂੰ ਮੈਨੂੰ ਖੁਸ਼ੀ ਖੂਬਸੂਰਤ ਉਖੇੜੇ ਦੇਹ, ਇਸ ਤੋਂ ਚੰਗੀ ਮੌਤ ਮੈਨੂੰ ਫੇਰ ਕਦੋਂ ਮਿਲੀ।

ਸੰਤ ਜੀ ਕੌਮ ਲਈ ਨਤੀਜੇ ਚੰਗੇ ਨਹੀਂ ਨਿਕਲਣਗੇ। ਮੈਂ ਨਿਰਾਸ਼ਤਾ ਦੇ ਖੂਹ ਵਿਚ ਹੋਰ ਡੂੰਘਾ ਲਹਿ ਪਿਆ।

ਗੁਰੂ ਗੋਬਿੰਦ ਸਿੰਘ ਦੀਆਂ ਸ਼ਹਾਦਤਾਂ ਰੰਗ ਲਿਆਈਆਂ ਸਨ ਜਾਂ ਨਹੀਂ? ਉਹਨਾਂ ਮੇਰੇ ਵਿਸ਼ਵਾਸ ਨੂੰ ਹਲਾਉਣਾ ਚਾਹਿਆ, ਕੰਵਲ ਆਪਣੇ ਗੁਰੂ ਭਰੋਸੇ ਨੂੰ ਸੰਭਾਲ।

ਮੇਰੀ ਫਤਿਹ ਪ੍ਰਵਾਨ ਕਰੋ। ਚੰਗਾ ਸੀ ਬਾਹਰ ਆ ਕੇ ਟਕਰਾਅ ਨੂੰ ਟਾਲ ਦੇਂਦੇ। ਮੈਂ ਆਪਣੀ ਮਾਯੂਸੀ ਵਿਚ ਖਿਝ ਕੇ ਰਹਿ ਗਿਆ।

ਜੇ ਤੂੰ ਗੁਰੂ ਦਾ ਅੰਮ੍ਰਿਤਪਾਨ ਕੀਤਾ ਹੁੰਦਾ, ਤੇਰਾ ਹੌਂਸਲਾ ਅਤੇ ਜੋਸ਼ ਸਦਾ ਚੜ੍ਹਦੀਕਲਾ ਵਿਚ ਰਹਿਣਾ ਸੀ।

ਜਜ਼ਬਾਤੀ ਤਾਕਤ ਵਡੀ ਹੁੰਦੀ ਐ ਕਿ ਸੂਝ ਗਿਆਨ? ਮੈਂ ਐਵੇਂ ਜਾਂਦੀ ਵਾਰ ਦੀ ਚੋਟ ਉਠਦਿਆਂ ਚਲਾਵੀਂ ਮਾਰੀ।

ਚੰਗੀ ਗਲ ਇਹ ਐ ਦੋਵੇਂ ਸ਼ਕਤੀਆਂ ਮਿਲ ਕੇ ਚਲਣ। ਪਰ ਸੋਚ ਬੁਜ਼ਦਿਲੀ ਨਾਲ ਸਮਝੌਤਾ ਕਰਦੀ ਹੈ ਅਤੇ ਸਪ੍ਰਿਟ ਪੈਂਤੜਾ ਗਡ ਕੇ ਨਤੀਜੇ ਪੈਦਾ ਕਰਦੀ ਹੈ। ਹਥਿਆਰ ਉਹ ਜਿਹੜਾ ਐਨ ਵੇਲੇ ਸਿਰ ਕੰਮ ਕਰ ਜਾਵੇ। ਸੰਤ ਪੂਰੀ ਚੜ੍ਹਤ ਵਿਚ ਸਨ, ਮੈਨੂੰ ਭਜਦਾ ਕਰ ਰਹੇ ਸਨ।

ਭਲਵਾਨਾਂ ਦੇ ਦੰਗਲ ਵਿਚ ਜ਼ੋਰ ਹਾਵੀ ਹੁੰਦਾ ਹੈ ਕਿ ਦਾਅ? ਮੇਰੇ ਵਲੋਂ ਪੰਗਾ ਲਏ ਬਿਨਾਂ ਰਿਹਾ ਨਾ ਗਿਆ।

ਜਿਹੜਾ ਪਹਿਲੋਂ ਚਲ ਜਾਵੇ। ਉਹਨਾਂ ਫਟ ਉਤਰ ਮੋੜ ਦਿਤਾ।

ਮੈਂ ਹੱਥ ਜੋੜੇ, ਸਿਰ ਝੁਕਾਇਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ ਉਤਰ ਆਇਆ।

# ਜਮਹੂਰੀਅਤ ਲਈ ਸਵਾਲ

ਦਿੱਲੀ ਵਿਚ ਬਸੰਤ ਨੇ ਦਸਤਕ ਦਿੱਤੀ। ਸੂਰਜ ਅਜੇ ਚੜ੍ਹਿਆ ਹੀ ਸੀ ਅਤੇ ਕਾਨੂੰਨ ਨੇ ਆਪਣਾ ਕੰਮ ਕੀਤਾ। ਨਾਸ਼ਤੇ ਤੋਂ ਐਨ ਪਹਿਲਾਂ, 2001 ਵਿਚ ਪਾਰਲੀਮੈਂਟ 'ਤੇ ਹਮਲੇ ਦੇ ਮੁੱਖ ਮੁਲਜ਼ਮ ਅਫਜ਼ਲ ਗੁਰੂ ਨੂੰ ਚੁੱਪ-ਚੁਪੀਤੇ ਫਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਲਾਸ਼ ਨੂੰ ਤਿਹਾੜ ਜੇਲ੍ਹ ਦੇ ਅੰਦਰ ਹੀ ਦਫਨਾ ਦਿੱਤਾ। ਕੀ ਉਸ ਨੂੰ ਮਕਬੂਲ ਬੱਟ ਦੇ ਨਾਲ ਦਫਨਾਇਆ ਗਿਆ? (ਕਸ਼ਮੀਰੀ ਨੌਜਵਾਨ ਮਕਬੂਲ ਬੱਟ ਨੂੰ 1984 ਵਿਚ ਫਾਹੇ ਲਾ ਦਿੱਤਾ ਗਿਆ ਸੀ)। ਅਫਜ਼ਲ ਦੀ ਪਤਨੀ ਅਤੇ ਪੁੱਤਰ ਨੂੰ ਇਸ ਦੀ ਇਤਲਾਹ ਵੀ ਨਹੀਂ ਦਿੱਤੀ ਗਈ। 'ਅਧਿਕਾਰੀਆਂ ਨੇ ਸਪੀਡ ਪੋਸਟ ਅਤੇ ਰਜਿਸਟਰਡ ਪੋਸਟ ਜ਼ਰੀਏ ਪਰਿਵਾਰ ਨੂੰ ਜਾਣਕਾਰੀ ਭੇਜ ਦਿੱਤੀ ਹੈ', ਗ੍ਰਹਿ ਸਕੱਤਰ ਨੇ ਪ੍ਰੈਸ ਨੂੰ ਦੱਸਿਆ, 'ਜੰਮੂ ਕਸ਼ਮੀਰ ਪੁਲਿਸ ਦੇ ਡਾਇਰੈਕਟਰ ਨੂੰ ਕਹਿ ਦਿੱਤਾ ਗਿਆ ਹੈ ਕਿ ਉਹ ਪਤਾ ਕਰੇ ਕਿ ਇਤਲਾਹ ਉਨ੍ਹਾਂ ਨੂੰ ਮਿਲ ਗਈ ਹੈ ਜਾਂ ਨਹੀਂ।' ਇਹ ਕੋਈ ਵੱਡੀ ਗੱਲ ਨਹੀਂ ਹੈ, ਉਹ ਤਾਂ ਬਸ ਇਕ ਕਸ਼ਮੀਰੀ ਦਹਿਸ਼ਤਗਰਦ ਦੇ ਪਰਿਵਾਰ ਵਾਲੇ ਹਨ।

ਏਕਤਾ ਦੇ ਇਕ ਦੁਰਲੱਭ ਪਲ ਵਿਚ ਰਾਸ਼ਟਰ ਜਾਂ ਘੱਟੋ-ਘੱਟ ਇਸ ਦੀਆਂ ਮੁੱਖ ਸਿਆਸੀ ਪਾਰਟੀਆਂ ('ਦੇਰੀ' ਅਤੇ 'ਵਕਤ' ਦੇ ਛੋਟੇ-ਮੋਟੇ ਮੱਤਭੇਦਾਂ ਨੂੰ ਛੱਡ ਦੇਈਏ ਤਾਂ) ਕਾਨੂੰਨ-ਵਿਵਸਥਾ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਇਕ ਹੋ ਗਈਆਂ। ਰਾਸ਼ਟਰ ਦੀ ਚੇਤਨਾ, ਜਿਸ ਦਾ ਇਨ੍ਹੀਂ ਦਿਨੀਂ ਟੀ. ਵੀ. ਸਟੂਡੀ? ਤੋਂ ਸਿੱਧਾ ਪ੍ਰਸਾਰਨ ਕੀਤਾ ਜਾਂਦਾ ਹੈ, ਨੇ ਆਪਣੀ ਸੂਹਿਕ ਸਮਝ ਸਾਡੇ 'ਤੇ ਥੋਪ ਦਿੱਤੀ, ਹਮੇਸ਼ਾ ਵਾਂਗ ਧਰਮਾਤਮਾ ਵਰਗੇ ਜਨੂਨ ਅਤੇ ਤੱਥਾਂ ਦੀ ਨਾਜ਼ੁਕ ਪਕੜ ਦਾ ਉਹੀ ਮਿਲਗੋਭਾ। ਇਥੋਂ ਤਕ ਕਿ ਉਹ ਇਨਸਾਨ ਇਸ ਦੁਨੀਆਂ ਤੋਂ ਰੁਖਸਤ ਹੋ ਗਿਆ ਸੀ, ਫਿਰ ਵੀ ਝੁੰਡਾਂ ਵਿਚ ਸ਼ਿਕਾਰ ਖੇਡਣ ਵਾਲੇ ਬੁਜ਼ਦਿਲਾਂ ਵਾਂਗ ਉਨ੍ਹਾਂ ਨੂੰ ਇਕ ਦੂਜੇ ਨੂੰ ਹੌਸਲਾ ਦੇਣ ਦੀ ਲੋੜ ਪੈ ਰਹੀ ਸੀ। ਸ਼ਾਇਦ ਆਪਣੇ ਮਨ ਦੀਆਂ ਡੂੰਘਾਈਆਂ ਤੋਂ ਉਹ ਜਾਣਦੇ ਸਨ ਕਿ ਉਹ ਸਾਰੇ ਭਿਆਨਕ ਤੌਰ 'ਤੇ ਗਲਤ ਕੰਮ 'ਚ ਜੁਟੇ ਹੋਏ ਹਨ।

ਤੱਥ ਕੀ ਹੈ?

13 ਦਸੰਬਰ 2001 ਨੂੰ ਪੰਜ ਹਥਿਆਰਬੰਦ ਬੰਦੇ ਆਈ.ਈ.ਡੀ. ਲੈ ਕੇ ਚਿੱਟੀ ਅੰਬੈਸਡਰ ਕਾਰ ਰਾਹੀਂ ਪਾਰਲੀਮੈਂਟ ਭਵਨ ਦੇ ਦਰਵਾਜ਼ੇ ਰਾਹੀਂ ਅੰਦਰ ਗਏ। ਜਦੋਂ ਉਨ੍ਹਾਂ ਨੂੰ ਰੋਕਿਆ ਗਿਆ ਤਾਂ ਉਹ ਕਾਰ ਵਿਚੋਂ ਨਿਕਲ ਆਏ ਅਤੇ ਗੋਲੀਆਂ ਚਲਾਉਣ ਲੱਗੇ। ਉਨ੍ਹਾਂ ਨੇ ਸੁਰੱਖਿਆ ਅਮਲੇ ਦੇ ਅੱਠ ਜਵਾਨਾਂ ਅਤੇ ਇਕ ਮਾਲੀ ਨੂੰ ਮਾਰ ਦਿੱਤਾ। ਇਸ ਪਿੱਛੋਂ ਹੋਈ ਗੋਲੀਬਾਰੀ ਵਿਚ ਪੰਜ ਹਮਲਾਵਰ ਵੀ ਮਾਰੇ ਗਏ। ਪੁਲਿਸ ਹਿਰਾਸਤ ਵਿਚ ਦਿੱਤੇ ਇਕਬਾਲੀਆ ਬਿਆਨਾਂ ਦੇ ਅਨੇਕਾਂ ਰੂਪਾਂ ਵਿਚੋਂ ਇਕ ਵਿਚ ਅਫਜ਼ਲ ਗੁਰੂ ਨੇ ਉਨ੍ਹਾਂ ਦੀ ਸ਼ਨਾਖਤ ਮੁਹੰਮਦ, ਰਾਣਾ, ਰਾਜਾ, ਹਮਜ਼ਾ ਅਤੇ ਹੈਦਰ ਵਜੋਂ ਕੀਤੀ। ਅੱਜ ਤਕ ਵੀ, ਅਸੀਂ ਕੁਲ-ਮਿਲਾ ਕੇ ਉਨ੍ਹਾਂ ਬਾਰੇ ਇੰਨਾ ਕੁ ਹੀ ਜਾਣਦੇ ਹਾਂ।

ਉਦੋਂ ਦੇ ਗ੍ਰਹਿ ਮੰਤਰੀ ਐਲ਼ ਕੇ. ਅਡਵਾਨੀ ਨੇ ਕਿਹਾ ਕਿ ਉਹ 'ਪਾਕਿਸਤਾਨੀਆਂ ਵਰਗੇ ਲੱਗਦੇ ਸਨ' (ਉਨ੍ਹਾਂ ਨੂੰ ਪਤਾ ਹੋਣਾ ਹੀ ਚਾਹੀਦਾ ਹੈ ਕਿ ਠੀਕ-ਠੀਕ ਪਾਕਿਸਤਾਨੀਆਂ ਵਰਗਾ ਨਜ਼ਰ ਆਉਣਾ ਕੀ ਹੁੰਦਾ ਹੈ, ਉਹ ਖੁਦ ਸਿੰਧੀ ਜੁ ਹੈ)। ਸਿਰਫ ਅਫਜ਼ਲ ਦੇ ਇਕਬਾਲੀਆ ਬਿਆਨਾਂ ਦੇ ਆਧਾਰ 'ਤੇ (ਜਿਸ ਨੂੰ ਸੁਪਰੀਮ ਕੋਰਟ ਨੇ ਬਾਅਦ ਵਿਚ 'ਖਾਮੀਆਂ' ਅਤੇ 'ਕਾਰਵਾਈ ਸਬੰਧੀ ਸੁਰੱਖਿਆ ਉਪਾਵਾਂ ਦੀਆਂ ਉਲੰਘਣਾਵਾਂ' ਦੇ ਆਧਾਰ 'ਤੇ ਖਾਰਜ ਕਰ ਦਿੱਤਾ ਸੀ) ਹਕੂਮਤ ਨੇ ਪਾਕਿਸਤਾਨ ਤੋਂ ਆਪਣਾ ਸਫੀਰ ਵਾਪਸ ਬੁਲਾ ਲਿਆ ਅਤੇ ਪੰਜ ਲੱਖ ਫੌਜ ਨੂੰ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਤਾਇਨਾਤ ਕਰ ਦਿੱਤਾ। ਪਰਮਾਣੂ ਯੁੱਧ ਦੀਆਂ ਗੱਲਾਂ ਹੋਣ ਲੱਗੀਆਂ ਸਨ। ਵਿਦੇਸ਼ੀ ਸਫਾਰਤਖਾਨਿਆਂ ਨੇ ਸਫਰ ਸਬੰਧੀ ਮਸ਼ਵਰੇ ਜਾਰੀ ਕਰ ਦਿੱਤੇ ਸਨ ਅਤੇ ਦਿੱਲੀ ਤੋਂ ਆਪਣੇ ਅਮਲੇ ਵਾਪਸ ਬੁਲਾ ਲਏ ਸਨ। ਇਹ ਬੇਯਕੀਨੀ ਕਈ ਮਹੀਨੇ ਬਣੀ ਰਹੀ ਅਤੇ ਹਿੰਦੁਸਤਾਨ ਦੇ ਹਜ਼ਾਰਾਂ ਕਰੋੜ ਰੁਪਏ ਖਰਚ ਹੋ ਗਏ।

14 ਦਸੰਬਰ 2001 ਨੂੰ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਦਾਅਵਾ ਕੀਤਾ ਕਿ ਉਸ ਨੇ ਇਸ ਮਾਮਲੇ ਦੀ ਗੁੱਥੀ ਸੁਲਝਾ ਲਈ ਹੈ। 15 ਦਸੰਬਰ ਨੂੰ ਉਸ ਨੇ ਦਿੱਲੀ ਵਿਚ ਇਸ ਪਿੱਛੇ ਕੰਮ ਕਰਦੇ ਦਿਮਾਗ ਪ੍ਰੋਫੈਸਰ ਐਸ਼ ਏ. ਆਰ. ਗਿਲਾਨੀ ਅਤੇ ਸ੍ਰੀਨਗਰ ਦੀ ਫਲਾਂ ਦੀ ਮੰਡੀ ਤੋਂ ਸ਼ੌਕਤ ਗੁਰੂ ਅਤੇ ਅਫਜ਼ਲ ਗੁਰੂ ਨੂੰ ਗ੍ਰਿਫਤਾਰ ਕਰ ਲਿਆ। ਪਿੱਛੋਂ ਉਨ੍ਹਾਂ ਨੇ ਸ਼ੌਕਤ ਦੀ ਪਤਨੀ ਅਫਸ਼ਾਂ ਗੁਰੂ ਨੂੰ ਵੀ ਗ੍ਰਿਫਤਾਰ ਕਰ ਲਿਆ। ਮੀਡੀਆ ਨੇ ਜੋਸ਼ੋ-ਖਰੋਸ਼ ਨਾਲ ਸਪੈਸ਼ਲ ਸੈੱਲ ਦੀ ਕਹਾਣੀ ਨੂੰ ਪ੍ਰਚਾਰਿਆ। ਕੁਝ ਸੁਰਖੀਆਂ ਇਉਂ ਸਨ: 'ਡੀ.ਯੂ. ਲੈਕਚਰਾਰ ਵਾਜ਼ ਟੈਰਰ ਪਲਾਨ ਹੱਬ', 'ਵਰਸਿਟੀ ਡੌਨ ਗਾਈਡਿਡ ਫਿਦਾਇਨ', 'ਡੌਨ ਲੈਕਚਰਡ ਆਨ ਟੈਰਰ ਇਨ ਫਰੀ ਟਾਈਮ।'

ਜ਼ੀ ਟੀ. ਵੀ. ਨੇ ਦਸੰਬਰ 13 ਨਾਂ ਦਾ 'ਦਸਤਾਵੇਜ਼ੀ ਡਰਾਮਾ' ਪ੍ਰਸਾਰਤ ਕੀਤਾ, ਜੋ 'ਪੁਲਿਸ ਦੀ ਫਰਦ-ਜੁਰਮ 'ਤੇ ਆਧਾਰਤ ਸੱਚਾਈ' ਹੋਣ ਦਾ ਦਾਅਵਾ ਕਰਦਾ ਸੀ। ਉਸ ਨੂੰ ਮੁੜ ਪੇਸ਼ ਕੀਤਾ ਗਿਆ (ਜੇ ਪੁਲਿਸ ਦੀ ਕਹਾਣੀ ਸਹੀ ਹੈ ਤਾਂ ਫਿਰ ਅਦਾਲਤਾਂ ਕਿਸ ਲਈ ਹਨ?)। ਉਦੋਂ ਪ੍ਰਧਾਨ ਮੰਤਰੀ ਵਾਜਪਾਈ ਅਤੇ ਐਲ਼ ਕੇ. ਅਡਵਾਨੀ ਨੇ ਸ਼ਰੇਆਮ ਫਿਲਮ ਦੀ ਤਾਰੀਫ ਕੀਤੀ। ਸੁਪਰੀਮ ਕੋਰਟ ਨੇ ਇਹ ਫਿਲਮ ਦਿਖਾਏ ਜਾਣ 'ਤੇ ਰੋਕ ਲਾਉਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਮੀਡੀਆ ਜੱਜਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਫਿਲਮ ਫਾਸਟ-ਟਰੈਕ ਅਦਾਲਤ ਵਲੋਂ ਅਫਜ਼ਲ, ਸ਼ੌਕਤ ਅਤੇ ਗਿਲਾਨੀ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਮਹਿਜ਼ ਕੁਝ ਦਿਨ ਪਹਿਲਾਂ ਹੀ ਦਿਖਾਈ ਗਈ। ਹਾਈ ਕੋਰਟ ਨੇ 'ਮਾਸਟਰਮਾਈਂਡ' ਪ੍ਰੋ. ਐਸ਼ ਏ. ਆਰ. ਗਿਲਾਨੀ ਅਤੇ ਅਫਸ਼ਾਂ ਗੁਰੂ ਨੂੰ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਰਿਹਾਈ ਨੂੰ ਬਰਕਰਾਰ ਰੱਖਿਆ; ਪਰ 5 ਅਗਸਤ 2005 ਦੇ ਆਪਣੇ ਫੈਸਲੇ ਵਿਚ ਇਸ ਨੇ ਮੁਹੰਮਦ ਅਫਜ਼ਲ ਨੂੰ ਤੀਹਰੀ ਉਮਰ ਕੈਦ ਅਤੇ ਦੋਹਰੀ ਫਾਂਸੀ ਦੀ ਸਜ਼ਾ ਸੁਣਾਈ।

ਕੁਝ ਉਘੇ ਪੱਤਰਕਾਰਾਂ, ਜਿਨ੍ਹਾਂ ਨੂੰ ਬਿਹਤਰ ਪਤਾ ਹੋਵੇਗਾ, ਮੁਤਾਬਿਕ (ਫੈਲਾਏ ਜਾਣ ਵਾਲੇ ਝੂਠਾਂ ਦੇ ਉਲਟ) ਅਫਜ਼ਲ ਗੁਰੂ 13 ਦਸੰਬਰ 2001 ਨੂੰ ਪਾਰਲੀਮੈਂਟ ਭਵਨ 'ਤੇ ਹਮਲਾ ਕਰਨ ਵਾਲੇ ਦਹਿਸ਼ਤਗਰਦਾਂ ਵਿਚ ਨਹੀਂ ਸੀ। ਨਾ ਹੀ ਉਨ੍ਹਾਂ ਲੋਕਾਂ ਵਿਚੋਂ ਸੀ, ਜਿਨ੍ਹਾਂ ਨੇ 'ਸੁਰੱਖਿਆ ਮੁਲਾਜ਼ਮਾਂ 'ਤੇ ਗੋਲੀਆਂ ਚਲਾਈਆਂ ਅਤੇ ਮਾਰੇ ਗਏ ਛੇ ਸੁਰੱਖਿਆ ਮੁਲਾਜ਼ਮਾਂ ਵਿਚੋਂ ਤਿੰਨ ਦਾ ਕਤਲ ਕੀਤਾ' (ਇਹ ਗੱਲ ਭਾਜਪਾ ਦੇ ਰਾਜ ਸਭਾ ਮੈਂਬਰ ਚੰਦਨ ਮਿੱਤਰਾ ਨੇ 7 ਅਕਤੂਬਰ 2006 ਨੂੰ 'ਦਿ ਪਾਇਨੀਅਰ' ਅਖ਼ਬਾਰ ਵਿਚ ਲਿਖੀ ਸੀ)। ਇਥੋਂ ਤਕ ਕਿ ਪੁਲਿਸ ਦੀ ਫਰਦ-ਜੁਰਮ ਵੀ ਉਸ ਨੂੰ ਇਸ ਦਾ ਮੁਲਜ਼ਮ ਨਹੀਂ ਕਹਿੰਦੀ। ਸੁਪਰੀਮ ਕੋਰਟ ਦਾ ਫੈਸਲਾ ਕਹਿੰਦਾ ਹੈ ਕਿ ਸਬੂਤ ਹਾਲਾਤ ਦੇ ਹਨ: 'ਜ਼ਿਆਦਾਤਰ ਸਾਜ਼ਿਸ਼ਾਂ ਵਾਂਗ, ਜੁਰਮ ਦੀ ਸਾਜ਼ਿਸ਼ ਦੇ ਜ਼ਾਹਰਾ ਸਬੂਤ ਨਹੀਂ ਹਨ ਅਤੇ ਨਾ ਹੀ ਹੋ ਸਕਦੇ ਹਨ।' ਪਰ ਉਸ ਨੇ ਅੱਗੇ ਕਿਹਾ, 'ਹਮਲਾ, ਜਿਸ ਦਾ ਸਿੱਟਾ ਭਾਰੀ ਨੁਕਸਾਨ ਵਿਚ ਨਿਕਲਿਆ ਅਤੇ ਜਿਸ ਨੇ ਪੂਰੇ ਦੇਸ਼ ਨੂੰ ਹਿਲਾ ਦਿੱਤਾ, ਤੇ ਸਮਾਜ ਦੀ ਸਮੂਹਿਕ ਆਤਮਾ ਸਿਰਫ ਤਦ ਹੀ ਸ਼ਾਂਤ ਹੋ ਸਕਦੀ ਹੈ, ਜੇ ਮੁਜਰਿਮ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ।'

ਪਾਰਲੀਮੈਂਟ ਹਮਲੇ ਦੇ ਮਾਮਲੇ ਵਿਚ ਸਾਡੀ ਸਮੂਹਿਕ ਆਤਮਾ ਦਾ ਨਿਰਮਾਣ ਕਿਸ ਨੇ ਕੀਤਾ? ਕੀ ਇਹ ਉਹ ਤੱਥ ਹੁੰਦੇ ਹਨ, ਜੋ ਅਸੀਂ ਅਖ਼ਬਾਰਾਂ ਤੋਂ ਹਾਸਲ ਕਰਦੇ ਹਾਂ? ਫਿਲਮਾਂ, ਜੋ ਟੀ. ਵੀ. 'ਤੇ ਦੇਖਦੇ ਹਾਂ?

ਕੁਝ ਲੋਕ ਹਨ, ਜੋ ਇਹ ਦਲੀਲ ਦੇਣਗੇ, ਠੀਕ ਇਹੀ ਤੱਥ ਕਿ ਅਦਾਲਤ ਨੇ ਐਸ਼ ਏ. ਆਰ. ਗਿਲਾਨੀ ਨੂੰ ਬਰੀ ਕਰ ਦਿੱਤਾ ਅਤੇ ਅਫਜ਼ਲ ਨੂੰ ਮੁਜਰਮ ਠਹਿਰਾਇਆ, ਇਹ ਸਾਬਤ ਕਰਦਾ ਹੈ ਕਿ ਸੁਣਵਾਈ ਆਜ਼ਾਦ ਅਤੇ ਨਿਰਪੱਖ ਸੀ। ਕੀ ਇਹ ਸਾਰਾ ਕੁਝ ਇਉਂ ਹੀ ਸੀ?

ਫਾਸਟ-ਟਰੈਕ ਅਦਾਲਤ ਵਿਚ ਸੁਣਵਾਈ ਮਈ 2002 ਵਿਚ ਸ਼ੁਰੂ ਹੋਈ। ਦੁਨੀਆਂ 9/11 ਦੇ ਜਨੂਨ ਦੀ ਲਪੇਟ ਵਿਚ ਸੀ। ਅਮਰੀਕਨ ਹਕੂਮਤ ਨੇ ਅਫਗਾਨਿਸਤਾਨ ਵਿਚ ਆਪਣੀ 'ਜਿੱਤ' 'ਤੇ ਹੜਬੜਾ ਕੇ ਟਿਕਟਿਕੀ ਲਾਈ ਹੋਈ ਸੀ। ਗੁਜਰਾਤ ਦੀ ਨਸਲਕੁਸ਼ੀ ਚੱਲ ਰਹੀ ਸੀ। ਤੇ ਪਾਰਲੀਮੈਂਟ 'ਤੇ ਹਮਲੇ ਦੇ ਮਾਮਲੇ ਵਿਚ ਕਾਨੂੰਨ ਆਪਣੇ ਰਾਹ 'ਤੇ ਤੁਰ ਰਿਹਾ ਸੀ। ਇਕ ਜੁਰਮ ਦੇ ਮਾਮਲੇ ਦੇ ਸਭ ਤੋਂ ਅਹਿਮ ਪੜਾਅ 'ਚ, ਜਦੋਂ ਸਬੂਤ ਪੇਸ਼ ਕੀਤੇ ਜਾਂਦੇ ਹਨ, ਜਦੋਂ ਗਵਾਹਾਂ ਨੂੰ ਸਵਾਲ-ਜਵਾਬ ਕੀਤੇ ਜਾਂਦੇ ਹਨ, ਜਦੋਂ ਦਲੀਲਾਂ ਦੀ ਬੁਨਿਆਦ ਰੱਖੀ ਜਾਂਦੀ ਹੈ (ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਤੁਸੀਂ ਸਿਰਫ ਕਾਨੂੰਨ ਦੇ ਨੁਕਤਿਆਂ 'ਤੇ ਬਹਿਸ ਕਰ ਸਕਦੇ ਹੋ, ਤੁਸੀਂ ਨਵੇਂ ਸਬੂਤ ਪੇਸ਼ ਨਹੀਂ ਕਰ ਸਕਦੇ), ਉਦੋਂ ਅਫਜ਼ਲ ਗੁਰੂ ਭਾਰੀ ਸੁਰੱਖਿਆ ਵਾਲੀ ਕਾਲ-ਕੋਠੜੀ ਵਿਚ ਬੰਦ ਸੀ। ਉਸ ਕੋਲ ਕੋਈ ਵਕੀਲ ਨਹੀਂ ਸੀ।

# ਪੁੱਛਾਂ ਵਾਲੀ ਮਾਈ

ਸੱਥ 'ਚ ਬੈਠਾ ਬਾਬਾ ਬੱਗੜ ਸਿਉਂ ਸੱਥ ਵਿੱਚ ਆਏ ਚੂਹੜ ਸਿੰਘ ਬੁੜ੍ਹੇ ਨੂੰ ਕਹਿੰਦਾ,
ਕਿਉਂ ਬਈ ਚੂਹੜ ਸਿਆਂ! ਦੇਖ ਲਾ ਯਾਰ ਕਿਹੋ ਜਾ ਜਮਾਨਾ ਆ ਗਿਆ, ਸੰਗ ਸ਼ਰਮ ਈਂ ਨ੍ਹੀ ਹੁਣ ਤਾਂ ਕਿਸੇ ਨੂੰ। ਕਹਿੰਦੇ ਬਚਨੇ ਕਾ ਮਿੱਠੂ, ਨੱਥੂ ਕੇ ਜੈਲੇ ਦੀ ਬਹੂ ਦੀ ਬਾਂਹ ਫੜ ਕੇ, ਉਹਦੇ ਹੀ ਘਰੋਂ ਉਹਨੂੰ ਆਵਦੇ ਘਰ ਨੂੰ ਲੈ ਗਿਆ, ਸੱਚੀ ਆ ਗੱਲ ਬਈ ਇਹੇ?
ਚੂਹੜ ਬੁੜ੍ਹਾ ਕਹਿੰਦਾ, ਆਂਈਂ ਸੁਣੀਦੀ ਐ ਗੱਲ, ਉੱਥੇ ਤਾਂ ਕਹਿੰਦੇ ਕੋਈ ਵੀਹ ਬੰਦੇ ਬੁੜ੍ਹੀਆਂ ਸੀ ਜਿਨ੍ਹਾਂ ਦੇ ਸਾਹਮਣੇ ਇਹ ਕੁਸ ਹੋਇਆ। ਬਾਕੀ ਬਾਖ਼ਰੂ ਜਾਣਦਾ ਬਈ ਕਿਵੇਂ ਹੋਈ ਐ।
ਕੋਲ ਬੈਠਾ ਨਾਥਾ ਅਮਲੀ ਕਹਿੰਦਾ, ਉਹ ਤਾਂ ਬਾਬਾ ਹੋਰ ਈ ਗੱਲ ਐ। ਆਏਂ ਕਿਵੇਂ ਕਿਸੇ ਤੀਵੀਂ ਨੂੰ ਕੋਈ ਕੁਸ ਕਹਿ ਦੂ।
ਬਾਬੇ ਬੱਗੜ ਸਿਉਂ ਨੇ ਅਮਲੀ ਨੂੰ ਪੁੱਛਿਆ, ਹੋਰ ਕੀ ਗੱਲ ਐ?
ਅਮਲੀ ਕੈਲੇ ਫੌਜੀ ਵੱਲ ਕੋਇਆਂ ਵਿੱਚਦੀ ਝਾਕ ਕੇ ਬਾਬੇ ਦੇ ਕੰਨ ਕੋਲੇ ਹੋ ਕੇ ਬੋਲਿਆ, ਆਹ ਕੈਲਾ ਫੌਜੀ ਤੇਰੇ ਕੋਲ ਤਾਸ਼ ਖੇਡੀ ਜਾਂਦੈ, ਇਹਨੂੰ ਪੁੱਛ ਬਾਬਾ, ਬਈ ਕੀ ਗੱਲ ਹੋਈ ਐ। ਇਹ ਕੱਲ੍ਹ ਉਥੇ ਸੀ ਜੈਲੇ ਕੇ ਘਰੇ ਜਦੋਂ ਇਹ ਰੌਲਾ ਪਿਆ।
ਚੂਹੜ ਬੁੜ੍ਹਾ ਪੁੱਛਿਆ, ਇਹ ਉਥੇ ਕੀ ਕਰਦਾ ਸੀ ਉਨ੍ਹਾਂ ਦੇ ਘਰੇ?
ਨਾਥਾ ਅਮਲੀ ਕਹਿੰਦਾ, ਬੁੜ੍ਹਿਆ ਬੁੜ੍ਹਿਆ! ਤੂੰ ਕਿੱਥੇ ਰਹਿਨੈਂ? ਜੈਲੇ ਦੀ ਬਹੂ ਬਾਰੇ ਤਾਂ ਦਸਾਂ ਪਿੰਡਾਂ 'ਚ ਪਤਾ ਬਈ ਉਹ ਪੁੱਛਾਂ ਦਿੰਦੀ ਐ, ਤੂੰ ਪੁੱਛਦੈਂ ਫੌਜੀ ਉਨ੍ਹਾਂ ਦੇ ਘਰੇ ਕੀ ਕਰਨ ਗਿਆ ਸੀ।
ਸੀਤਾ ਮਰਾਸੀ ਕਹਿੰਦਾ, ਇਹ ਵੀ ਪੁੱਛ ਲੈਣ ਗਿਆ ਸੀ। ਕਹਿੰਦਾ ਮੈਨੂੰ ਟਰੱਕ ਦੇ ਗੇੜੇ ਨ੍ਹੀ ਮਿਲਦੇ। ਮੇਰਾ ਕੰਮ ਨ੍ਹੀ ਚੱਲਦਾ।
ਸੀਤੇ ਦੀ ਗੱਲ ਸੁਣ ਕੇ ਨਾਥੇ ਅਮਲੀ ਨੇ ਕੱਢੀ ਫਿਰ ਪੁੱਛ।
ਕਹਿੰਦਾ, ਟੈਰ ਨ੍ਹੀ ਟੱਪਾ ਨ੍ਹੀ, ਗੇੜਾ ਭਾਲਦਾ ਗੁਹਾਟੀ ਦਾ।
ਬਾਬਾ ਬੱਗੜ ਸਿਉਂ ਕਹਿੰਦਾ, ਛੱਡੋ ਯਾਰ ਇਹ ਗੱਲਾਂ, ਜਿਹੜੀ ਹੀਰ ਤੋਰੀ ਐ ਉਹਦੀ ਗੱਲ ਕਰੋ।
ਅਮਲੀ ਫੇਰ ਬੁੱੜ੍ਹਕਿਆ ਰਬੜ ਦੀ ਖਿੱਦੋ ਵਾਂਗੂੰ, ਜੇ ਗੱਲ ਸੁਣਨੀ ਐਂ ਬਾਬਾ, ਕੈਲੇ ਫੌਜੀ ਨੂੰ ਸੱਦ ਫਿਰ।
ਬਾਬਾ ਤਾਂ ਕਰ ਗਿਆ ਚੁੱਪ, ਚੂਹੜ ਬੁੜ੍ਹੇ ਨੇ ਤਾਸ਼ ਖੇਡਦੇ ਕੈਲੇ ਫੌਜੀ ਨੂੰ ਦਿੱਤੀ ਫਿਰ ਆਵਾਜ, ਫੌਜੀਆ! ਆਂਈਂ ਯਾਰ ਐਧਰ ਵੀ।
ਫੌਜੀ ਨੇ ਬੁੜ੍ਹੇ ਦੀ ਆਵਾਜ ਸੁਣਦੇ ਹੀ ਤਾਸ਼ ਦੇ ਪੱਤੇ ਨਾਲ ਬੈਠੇ ਜੱਗੀ ਕੇ ਛਿੰਦੇ ਨੂੰ ਫੜਾਏ ਤੇ ਚੂਹੜ ਬੁੜ੍ਹੇ ਕੋਲ ਆ ਕੇ ਕਹਿੰਦਾ,
ਹਾਂ ਤਾਇਆ ਦੱਸ ਕੀ ਗੱਲ ਐ?
ਨਾਥਾ ਅਮਲੀ ਬੁੜ੍ਹੇ ਦਾ ਸਵਾਲ ਫੌਜੀ ਮੂਹਰੇ ਧਰ ਕੇ ਕਹਿੰਦਾ,
ਇਹ ਇਉਂ ਪੁੱਛਦੇ ਐ ਫੌਜੀਆ, ਬਈ ਕੱਲ੍ਹ ਜੈਲੇ ਕੇ ਘਰੇ ਬਚਨੇ ਕੇ ਮਿੱਠੂ ਦਾ ਕੀ ਰੌਲਾ ਪੈ ਗਿਆ?
ਫੌਜੀ ਕਹਿੰਦਾ, ਉਹ ਤਾਂ ਇਉਂ ਹੋਈ ਐ ਗੱਲ, ਜੈਲੇ ਦੀ ਬਹੂ ਦਿੰਦੀ ਐ ਪੁੱਛਾਂ, ਉੱਥੇ ਕਿਤੇ ਮਿੱਠੂ ਵੀ ਆ ਗਿਆ ਉਨ੍ਹਾਂ ਦੇ ਘਰੇ। ਤਕੜਾ ਚਿਰ ਤਾਂ ਮਿੱਠੂ 'ਕੱਠ 'ਚ ਬੈਠਾ ਰਿਹਾ। ਜਦੋਂ ਜੈਲੇ ਦੀ ਬਹੂ ਸਿਰ ਘੁਮਾਉਂਦੀ ਘੁਮਾਉਂਦੀ ਬੋਲਣ ਲੱਗ ਪੀ ਬਈ ਮੈਂ ਬੰਸੋ ਆਂ, ਮੈਂ ਮਰੀ ਨ੍ਹੀ, ਮੈਂ ਜਿਊਂਦੀ ਆਂ, ਮੈਂ ਜਿਊਂਦੀ ਆਂ।
ਬਾਬੇ ਬੱਗੜ ਸਿਉਂ ਨੇ ਫੌਜੀ ਦੀ ਗੱਲ ਟੋਕ ਕੇ ਪੁੱਛਿਆ, ਬੰਸੋ ਤਾਂ ਮਿੱਠੂ ਦੀ ਬਹੂ ਦਾ ਨਾਂ ਨ੍ਹੀ ਸੀ?
ਫੌਜੀ ਕਹਿੰਦਾ, ਬਹੂ ਤਾਂ ਮਿੱਠੂ ਦੀ ਓ ਸੀ, ਪਰ ਉਹ ਤਾਂ ਮਰ ਗੀ।
ਸੀਤਾ ਮਰਾਸੀ ਕਹਿੰਦਾ, ਕਈਆਂ ਦਿਨਾਂ ਦੀ ਉਹਦਾ ਨਾਂ ਲਈ ਜਾਂਦੀ ਸੀ। ਲੈ ਦੱਸ ਬਾਬਾ, ਬੰਸੋ ਨੂੰ ਮਰੀ ਨੂੰ ਹੋ ਗੇ ਨੌਂ ਦਸ ਮਹੀਨੇ, ਉਹਨੇ ਕਿਤੇ ਹੋਰ ਜਾ ਕੇ ਵੀ ਜਨਮ ਲੈ ਲਿਆ ਹੋਣਾ, ਇਹ ਅੱਜ ਕਹਿਣ ਲੱਗੀ ਐ ਮੇਰੇ 'ਚ ਬੰਸੋ ਆਉਂਦੀ ਆ। ਆਹ ਮਾਈ ਰੇਲੋ ਸਿਆਪੇ ਦੀ ਜੜ ਨੇ ਕਿਤੇ ਜਾ ਕੇ ਮਿੱਠੂ ਨੂੰ ਦੱਸ 'ਤਾ, ਬਈ ਤੇਰੀ ਬਹੂ ਤਾਂ ਨੱਥੂ ਕੇ ਜੈਲੇ ਦੀ ਬਹੂ 'ਚ ਆਉਂਦੀ ਐ, ਇਹਦਾ ਪਤਾ ਕਰਕੇ, ਜਾ ਕੇ ਘਰੇ ਲਿਆ ਉਹਨੂੰ।
ਬਾਬੇ ਨੇ ਫੇਰ ਮਾਰੀ ਕੈਲੇ ਫੌਜੀ ਦੇ ਹੁੱਜ, ਤੂੰ ਦੱਸ ਫੌਜੀਆ ਫੇਰ ਕਿਵੇਂ ਹੋਈ?
ਫੌਜੀ ਕਹਿੰਦਾ, ਮਿੱਠੂ, ਜੈਲੇ ਕੇ ਘਰੇ ਪੁੱਛਾਂ ਲੈਣ ਆਇਆਂ ਦੇ 'ਕੱਠ 'ਚ ਬੈਠਾ ਰਿਹਾ, ਬੈਠਾ ਰਿਹਾ, ਜਦੋਂ ਜੈਲੇ ਦੀ ਬਹੂ ਨੇ ਦਬਾਰਾ ਫੇਰ ਕਿਹਾ 'ਮੈਂ ਬੰਸੋ ਆਂ ਬੰਸੋ, ਸਭ ਨੂੰ ਸਿੱਧੇ ਕਰ ਦੂੰ।' ਫੇਰ ਉੱਠ ਖੜ੍ਹਾ ਮਿੱਠੂ, ਉਹਦੇ ਕੋਲ ਜਾ ਕੇ ਕਹਿੰਦਾ, ਕੌਣ ਐਂ ਤੂੰ? ਉਹ ਫੇਰ ਬੋਲੀ। ਕਹਿੰਦੀ ਬੰਸੋ ਆਂ ਬੰਸੋ। ਮਿੱਠੂ ਕਹਿੰਦਾ, 'ਬੰਸੋ ਤਾਂ ਮੇਰੇ ਘਰ ਆਲੀ ਸੀ।' ਉਹ ਫੇਰ ਬੋਲੀ। ਕਹਿੰਦੀ, ਉਹੀ ਆਂ ਮੈਂ"।
ਬੱਸ ਫੇਰ ਬਾਬਾ, ਏਨਾਂ ਕਹਿਣ ਦੀ ਦੇਰ ਈ ਸੀ, ਮਿੱਠੂ ਨੇ ਤਾਂ ਜੈਲੇ ਦੀ ਬਹੂ ਦੀ ਫ਼ੜੀ ਬਾਂਹ, ਤੇ ਲੈ ਤੁਰਿਆ ਘਰ ਨੂੰ। ਕਹਿੰਦਾ, 'ਜੇ ਤੂੰ ਬੰਸੋ ਐਂ ਤਾਂ ਆ ਮੇਰੇ ਨਾਲ ਘਰ ਚੱਲ ਕੇ ਸਾਂਭ ਆਵਦੇ ਜੁਆਕ, ਘਰੇ ਆ ਕੇ, ਏਥੇ ਕੀ ਕਰਦੀ ਐਂ" ?
ਬਾਬਾ ਬੱਗੜ ਸਿਉਂ ਕਹਿੰਦਾ, ਜੈਲਾ ਕਿੱਥੇ ਸੀ ਉਦੋਂ, ਉਹ ਨ੍ਹੀ ਕੁਸ ਬੋਲਿਆ?
ਨਾਥਾ ਅਮਲੀ ਕਹਿੰਦਾ, ਜੈਲਾ ਤਾਂ ਮੰਡੀ ਗਿਆ ਵਿਆ ਸੀ। ਜੇ ਦਸ ਕੁ ਮਿੰਟ ਕਿਤੇ ਹੋਰ ਨਾ ਆਉਂਦਾ ਤਾਂ ਖੜਕ ਗਿਆ ਸੀ ਜੈਲੇ ਆਲਾ ਛਣਕਣਾਂ। ਜੇ ਕਿਤੇ ਮਿੱਠੂ ਘਰੇ ਲੈ ਜਾਂਦਾ ਉਹਨੂੰ, ਫੇਰ ਕਿੱਥੋਂ ਮੋੜਣੀ ਸੀ ਬਹੂ, ਫੇਰ ਤਾਂ ਕਾਕੇ ਜੈਲਦਾਰ ਤੇ ਪ੍ਰਤਾਪੀ ਸਨਿਆਰੀ ਆਲੀ ਹੋਣੀ ਸੀ।
ਚੂਹੜ ਬੁੜ੍ਹਾ ਨੇ ਫੇਰ ਪੁੱਛਿਆ, ਫੇਰ ਕਿਵੇਂ ਹੋਈ,
ਕੈਲਾ ਫੌਜੀ ਕਹਿੰਦਾ, ਮਿੱਠੂ ਨੇ ਜਦੋਂ ਬਾਂਹ ਫੜ ਕੇ ਘਰੋਂ ਬਾਹਰ ਕੱਢ ਲੀ ਤਾਂ ਉਦੋਂ ਨੂੰ ਮੰਡੀਓਂ ਜੈਲਾ ਆ ਗਿਆ ਮੂਹਰੇ। ਮਿੱਠੂ ਨੂੰ ਬਾਂਹ ਫੜੀ ਨੂੰ ਆਉਂਦਾ ਵੇਖ ਕੇ ਜੈਲਾ ਕਹਿੰਦਾ, 'ਇਹ ਕੀ ਕਰਦੈਂ ਓਏ'? ਮਿੱਠੂ ਕਹਿੰਦਾ, ਮੈਨੂੰ ਦਸ ਦਿਨ ਹੋ ਗੇ ਇਹਨੂੰ ਵੇਂਹਦੇ ਨੂੰ। ਇਹ ਨਿੱਤ ਈ ਕਹਿ ਛੱਡਦੀ ਆ 'ਮੈਂ ਬੰਸੋ ਆਂ, ਮੈਂ ਬੰਸੋ ਆਂ।' ਅੱਜ ਫਿਰ ਮੈਂ ਕਿਹਾ ਕਿ ਜੇ ਤੂੰ ਬੰਸੋ ਐਂ ਤਾਂ ਚੱਲ ਮੇਰੇ ਨਾਲ, ਆ ਐਧਰ ਆਵਦੇ ਘਰੇ।
ਬਾਬਾ ਕਹਿੰਦਾ, ਫੇਰ ਨਿੱਬੜੀ ਕਿਵੇਂ?
ਫੌਜੀ ਕਹਿੰਦਾ, ਨਿੱਬੜਣੀ ਕਿਵੇਂ ਸੀ, ਜੈਲੇ ਨੇ ਬਾਂਹ ਛਡਾ ਕੇ ਬਹੂ ਦੇ ਤਿੰਨ ਚਾਰ ਮਾਰੀਆਂ ਗਿੱਚੀ 'ਚ, ਕਹਿੰਦਾ 'ਛੱਡ ਨੀ ਇਹ ਪਖੰਡ, ਪਿੰਡ 'ਚ ਦੁਸ਼ਮਣੀ ਪੁਆਏਂਗੀ'।
ਗੱਲ ਸੁਣ ਕੇ ਨਾਥਾ ਅਮਲੀ ਨੇ ਵੀ ਖੜਕਾਇਆ ਵਾਜਾ, ਫੌਜੀਆ! ਜਿਹੜੇ ਪੁੱਛ ਲੈਣ ਆਏ ਸੀ ਉਨ੍ਹਾਂ ਦਾ ਕੀ ਬਣਿਆਂ ਫਿਰ?
ਫੌਜੀ ਕਹਿੰਦਾ, ਜਦੋਂ ਇਹ ਰੌਲਾ ਪੈ ਗਿਆ ਤਾਂ ਜਿਹੜੇ ਪੁੱਛ ਲੈਣ ਆਏ ਮੂਹਰੇ ਬੈਠੇ ਸੀ ਗੱਦੀ ਦੇ ਨੇੜੇ, ਉਨ੍ਹਾਂ ਨੇ ਗੱਦੀ 'ਤੇ 'ਕੱਠੇ ਹੋਏ ਪੈਸੇ ਚੱਕੇ ਤੇ ਭੱਜਿਆਏ ਬਾਹਰ ਨੂੰ। ਜਿਹੜੇ ਉਥੇ ਦੋ ਚਾਰ ਮਿੰਟ ਖੜ੍ਹ ਗੇ, ਉਨ੍ਹਾਂ ਦੇ ਜੈਲੇ ਨੇ ਜਿਉਂ ਚੱਕੀ ਤੰਗਲੀ, ਦੋ-ਦੋ, ਤਿੰਨ-ਤਿੰਨਾਂ ਠੋਕੀਆਂ, ਬਾਕੀ ਦਿਆਂ ਨੇ 'ਠਾਅ 'ਤੀ ਨੇਰ੍ਹੀ। ਅਕੇ ਜੈਲਾ ਕਹਿੰਦਾ, 'ਆ ਜੋ ਸੋਡੀਆਂ ਪੁੱਛਾਂ ਮੈਂ ਕੱਢਦਾਂ"। ਬੱਸ ਗੱਲ ਤਾਂ ਆਏਂ ਹੋਈ ਐ ਬਾਬਾ।
ਨਾਥਾ ਅਮਲੀ ਮੁਸ਼ਕਣੀਆਂ ਹੱਸ ਕੇ ਫੌਜੀ ਨੂੰ ਕਹਿੰਦਾ, ਤੇਰੇ ਟਰੱਕ ਨੂੰ ਦੱਸ 'ਤਾ ਫਿਰ ਗੇੜਾ ਕਿਉਂ ਨ੍ਹੀ ਪੈਂਦਾ?
ਅਮਲੀ ਦੀ ਗੱਲ ਸੁਣ ਕੇ ਫੌਜੀ ਹਰਲ ਹਰਲ ਕਰਕੇ ਪੈ ਗਿਆ ਅਮਲੀ ਨੂੰ, ਬੈਠਾ ਰਹਿ ਓਏ ਨਸ਼ਾ ਖਾਣੀਏਂ ਜਾਤੇ।
ਫੌਜੀ ਨੂੰ ਹਰਖਿਆ ਵੇਖ ਕੇ ਤਾਸ਼ ਖੇਡੀ ਜਾਂਦਾ ਨੰਬਰਦਾਰਾਂ ਦਾ ਜੰਟੀ ਨਾਥੇ ਅਮਲੀ ਨੂੰ ਕਹਿੰਦਾ, ਉਰ੍ਹੇ ਆਜਾ ਅਮਲੀਆ, ਘਸੇ ਟੈਰਾਂ ਆਲਾ ਟਰੱਕ ਨਾ ਕਿਤੇ ਉੱਤੇ ਚੜ੍ਹ ਜੇ ਤੇਰੇ।
ਅਮਲੀ ਜੰਟੀ ਦੀ ਗੱਲ ਸੁਣ ਕੇ ਜੰਟੀ ਨੂੰ ਪੈ ਨਿਕਲਿਆ, ਏਥੇ ਕੀ ਬਾਲੂ ਸ਼ਾਹੀਆਂ ਰੱਖੀਆਂ ਵੀਆਂ, ਜਿੱਥੇ ਤੂੰ ਸੱਦ ਦੈਂ?
ਬਾਬੇ ਬੱਗੜ ਸਿਉਂ ਨੇ ਫੇਰ ਮੋੜੀ ਓਸੇ ਗੱਲ ਵੱਲ ਮੁਹਾਰ, ਯਾਰ ਜੇ ਘਰੇ ਐਨਾ 'ਕੱਠ ਸੀ ਤਾਂ ਜੈਲਾ ਕੀ ਕਰਨ ਗਿਆ ਸੀ ਸ਼ਹਿਰ? ਐਹੇ ਜੇ ਮੌਕੇ ਤਾਂ ਬੰਦੇ ਨੂੰ ਘਰੇ ਰਹਿਣਾ ਚਾਹੀਦਾ।
ਬਾਬੇ ਦੇ ਨਾਲ ਬੈਠਾ ਕਰਤਾਰਾ ਮੈਂਬਰ ਕਹਿੰਦਾ, ਕਚਹਿਰੀ 'ਚ ਗੁਆਹੀ ਸੀ ਜੈਲੇ ਦੀ, ਤਾਂ ਗਿਆ ਸੀ, ਨਹੀਂ ਕਦੋਂ ਜਾਂਦਾ ਸੀ, ਘਰੇ ਤਾਂ ਲੋਕ ਪੈਸੇ ਮੱਥਾ ਟੇਕੀ ਜਾਂਦੇ ਹੋਣ ਤੇ ਬੰਦੇ ਨੂੰ ਬਾਹਰ ਜਾਣ ਦੀ ਕੀ ਲੋੜ ਐ।
ਅਮਲੀ ਨੇ ਮੈਂਬਰ ਨੂੰ ਪੁੱਛਿਆ, ਕਾਹਦੀ ਗੁਆਹੀ ਸੀ ਬਿੰਬਰਾ?
ਮੈਂਬਰ ਕਹਿੰਦਾ, ਨੰਬਰਦਾ ਰਾਂ ਦੇ ਗੋਗੀ ਦੀ ਕਪੂਰਾ ਵੈਲੀ ਕਿਤੇ ਘੋੜੀ ਚੋਰੀ ਕਰਕੇ ਲੈ ਗਿਆ ਤੇ ਜਾ ਕੇ ਵੇਚ 'ਤੀ। ਜੈਲੇ ਨੇ ਕਿਤੇ ਕਪੂਰਾ ਘੋੜੀ ਲਈ ਜਾਂਦਾ ਵੇਖਿਆ ਸੀ। ਕਈ ਦਿਨ ਘੋੜੀ ਦੀ ਕੋਈ ਬਿੜਕ ਨਾ ਲੱਗੀ। ਇੱਕ ਦਿਨ ਕਿਤੇ ਜੈਲੇ ਨੇ ਗੋਗੀ ਨੂੰ ਦੱਸ 'ਤਾ, ਬਈ ਤੇਰੀ ਘੋੜੀ ਤਾਂ ਕਪੂਰਾ ਵੈਲੀ ਲਈ ਜਾਂਦਾ ਮੈਂ ਵੇਖਿਆ। ਗੋਗੀ ਨੇ ਜੈਲੇ ਨੂੰ ਗੁਆਹ ਬਣਾ ਕੇ ਕਚਹਿਰੀ 'ਚ ਕੇਸ ਕਰ 'ਤਾ। ਕੱਲ੍ਹ ਜਦੋਂ ਫੈਸਲਾ ਹੋਣਾ ਸੀ, ਕਪੂਰੇ ਨੂੰ ਵੀ ਪਤਾ ਲੱਗ ਗਿਆ ਬਈ ਜੈਲਾ ਮੇਰੇ ਉੱਤੇ ਗੁਆਹੀ ਦੇਊਗਾ। ਇਹ ਸਾਰੇ ਜੱਜ ਮੂਹਰੇ ਜਦੋਂ ਕਚਹਿਰੀ 'ਚ 'ਕੱਠੇ ਹੋ ਗੇ ਤਾਂ ਜੱਜ ਨੇ ਜੈਲੇ ਨੂੰ ਪੁੱਛਿਆ, 'ਕਿਉਂ ਬਈ ਜੈਲਾ ਸਿਆਂ! ਤੂੰ ਕਪੂਰ ਸਿਉਂ ਨੂੰ ਘੋੜੀ ਲਈ ਜਾਂਦਾ ਵੇਖਿਆ?' ਜੈਲਾ ਕਹਿੰਦਾ, 'ਹਾਂਜੀ ਜਨਾਬ'।
ਜਦੋਂ ਜੈਲੇ ਨੇ ਹਾਂਜੀ ਕਿਹਾ ਤਾਂ ਕਪੂਰੇ ਵੈਲੀ ਨੇ ਜੈਲੇ ਨੂੰ ਕੌੜੀਆਂ ਜੀਆਂ ਅੱਖਾਂ ਵਖਾਈਆਂ ਤਾਂ ਜੈਲਾ ਡਰ ਗਿਆ। ਜੱਜ ਨੇ ਜੈਲੇ ਨੂੰ ਫੇਰ ਪੁੱਛਿਆ, 'ਜੈਲਾ ਸਿਆਂ! ਹੁਣ ਤੂੰ ਇਹ ਦੱਸ, ਬਈ ਕਪੂਰ ਸਿੰਘ ਘੋੜੀ ਉੱਤੇ ਬੈਠਾ ਜਾਂਦਾ ਸੀ ਕਿ ਘੋੜੀ ਫੜ ਕੇ ਤੁਰਿਆ ਜਾਂਦਾ ਸੀ?' ਜੈਲਾ ਕਪੂਰੇ ਵੈਲੀ ਤੋਂ ਡਰਿਆ ਵਿਆ ਜੱਜ ਨੂੰ ਕਹਿੰਦਾ, 'ਜਨਾਬ! ਜਿਹੜੀ ਘੋੜੀ ਦੀ ਤੁਸੀਂ ਗੱਲ ਪੁੱਛਦੇ ਓਂ, ਉਹ ਘੋੜੀ ਦਾ ਨ੍ਹੀ ਮੈਨੂੰ ਪਤਾ, ਮੈਂ ਤਾਂ ਸੇਵੀਆਂ ਵੱਟਣ ਆਲੀ ਘੋੜੀ ਵੇਖੀ ਐ ਕਪੂਰ ਸਿਉਂ ਮੋਢੇ 'ਤੇ ਧਰ ਕੇ ਲਈ ਜਾਂਦਾ। ਹੋਰ ਕਿਸੇ ਘੋੜੀ ਦਾ ਨ੍ਹੀ ਮੈਨੂੰ ਪਤਾ।' ਏਸ ਕਰਕੇ ਗਿਆ ਸੀ ਗੁਆਹੀ ਦੇਣ। ਨਾਥਾ ਅਮਲੀ ਕਹਿੰਦਾ, ਜੇ ਕਿਤੇ ਜੈਲਾ ਥੋੜਾ ਜਾ ਪਛੜ ਜਾਂਦਾ ਤਾਂ ਉਹਦੀ ਘੋੜੀ ਵੀ ਲੈ ਗਿਆ ਸੀ ਮਿੱਠੂ।
ਏਨੇ ਚਿਰ ਨੂੰ ਗੱਲਾਂ ਕਰਦਿਆਂ ਕਰਦਿਆਂ ਦੋ ਬੰਦਿਆਂ ਤੇ ਤਿੰਨ ਬੁੜ੍ਹੀਆਂ ਨੇ ਸੱਥ 'ਚ ਬੈਠਿਆਂ ਨੂੰ ਕੋਲ ਆ ਕੇ ਪੁੱਛਿਆ, ਏਥੇ ਜਿਹੜੀ ਮਾਈ ਪੁੱਛਾਂ ਕੱਢਦੀ ਆ, ਓਹਦਾ ਘਰ ਕਿਹੜਾ, ਓਹਦੇ ਘਰ ਜਾਣਾ।
ਨਾਥੇ ਅਮਲੀ ਨੇ ਉਨ੍ਹਾਂ ਨੂੰ ਪੁੱਛਿਆ, ਕੋਈ ਪੁੱਛ ਕਢਾਉਣੀ ਆਂ? ਉਹ ਬੁੜ੍ਹੀਆਂ ਬੋਲੀਆਂ, ਹਾਂ ਭਾਈ। ਨਾਥਾ ਅਮਲੀ ਕਹਿੰਦਾ, ਉਹਦੀ ਤਾਂ ਆਵਦੀ ਪੁੱਛ ਈ ਕੱਢ 'ਤੀ ਉਹਦੇ ਘਰ ਆਲੇ ਨੇ ਕੱਲ੍ਹ ਮਾਰ ਮਾਰ ਤੰਗਲੀਆਂ। ਉਹ ਤਾਂ ਹੱਟ ਗੀ ਪੁੱਛਾਂ ਕੱਢਣੋਂ ਹੁਣ, ਤੇ ਜੇ ਤੰਗਲੀਆਂ ਖਾਣ ਆਲੀ ਪੁੱਛ ਕਢਾਉਣੀ ਆਂ ਤਾਂ ਹੋ ਸਾਹਮਣਾ ਘਰ ਐ ਲੱਕੜ ਦੇ ਤਖਤਿਆਂ ਆਲਾ, ਜਾਬੜੋ। ਅਮਲੀ ਦੀ ਗੱਲ ਸੁਣ ਕੇ ਉਹ ਤਾਂ ਸੱਥ ਕੋਲੋਂ ਹੀ ਵਾਪਸ ਮੁੜ ਗੀਆਂ, ਕਹਿੰਦੀਆਂ 'ਚੱਲੋ ਨ੍ਹੀ ਛੇਤੀ ਮੁੜੀਏ ਘਰੇ, ਜੇ ਏਥੋਂ ਬਚ ਗੀਆਂ ਕਿਤੇ ਘਰੇ ਨਾ ਆਪਣੀ ਕੋਈ ਪੁੱਛ ਕੱਢ ਦੇਂ'।
ਬਾਬਾ ਬੱਗੜ ਸਿਉਂ ਕਹਿੰਦਾ, ਚੱਲੋ ਯਾਰ ਘਰਾਂ ਨੂੰ ਚੱਲੀਏ, ਜੈਲਾ ਆਖੂ ਸੱਥ ਆਲੇ ਸਾਡੇ ਗਾਹਕ ਮੋੜੀ ਜਾਂਦੇ ਆ, ਹੋਰ ਨਮਾਂ ਕਲੇਸ ਖੜ੍ਹਾ ਹੋਊ। ਬਾਬੇ ਦੀ ਗੱਲ ਸੁਣ ਕੇ ਸਾਰੇ ਹੀ ਸੱਥ 'ਚੋਂ ਉੱਠ ਕੇ ਆਪੋ ਆਪਣੇ ਘਰਾਂ ਨੂੰ ਚੱਲ ਪਏ।

**-ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ',**
604-751-1113

# ਔਰਤ ਦੀ ਅਸਲ ਸ਼ਬਦਾਂ 'ਚ ਆਜ਼ਾਦੀ

ਕਹਿੰਦੇ ਹਨ ਕਿ ਇਸਤਰੀ ਭਾਵੇਂ ਦੁਨੀਆ ਵਿਚ ਵੱਡੇ-ਵੱਡੇ ਅਹੁਦਿਆਂ 'ਤੇ ਪਹੁੰਚ ਗਈ ਹੈ ਪਰ ਉਸ ਦਾ ਹਰ ਪੱਖੋਂ ਸ਼ੋਸ਼ਣ ਕਰਨ ਲਈ ਜਦੋਂ ਵੀ ਕਿਸੇ ਨੂੰ ਮੌਕਾ ਮਿਲਿਆ, ਉਸ ਨੇ ਮੌਕੇ ਨੂੰ ਗਵਾਇਆ ਨਹੀਂ। ਅਸੀਂ ਨਾਅਰੇ ਲਗਾਉਂਦੇ ਹਾਂ ਕਿ ਮੁੰਡਾ-ਕੁੜੀ ਬਰਾਬਰ ਹਨ ਪਰ ਮਾਨਸਿਕ ਤੌਰ 'ਤੇ ਕੋਈ ਵੀ ਇਸ ਬਰਾਬਰੀ ਨੂੰ ਸਮਝਣ ਅਤੇ ਅਮਲੀ ਰੂਪ ਵਿਚ ਮੰਨਣ ਨੂੰ ਤਿਆਰ ਨਹੀਂ।
ਪੁਰਾਤਨ ਕਾਲ ਤੋਂ ਇਤਿਹਾਸ ਉੱਤੇ ਨਜ਼ਰ ਮਾਰਦਿਆਂ ਪ੍ਰਤੱਖ ਹੈ ਕਿ ਔਰਤ ਨੂੰ ਐਸ਼ਪ੍ਰਸਤੀ ਅਤੇ ਮਨਪ੍ਰਚਾਵੇ ਦਾ ਸਾਧਨ ਅਤੇ ਕੇਵਲ ਇਕ ਵਸਤੂ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ ਰਿਹਾ। ਅਜੋਕੇ ਸਮੇਂ ਵਿਚ ਵੀ ਉਹੋ ਕੁਝ ਹੋ ਰਿਹਾ ਹੈ। ਪਿਰਤ ਪਈ, ਸਦੀਆਂ ਤੋਂ ਸਦੀਆਂ ਤੱਕ ਪਿਰਤ ਹੀ ਰਹੀ। ਅੱਜ ਮਨੁੱਖ ਜਦੋਂ 21ਵੀਂ ਸਦੀ ਤੱਕ ਪਹੁੰਚ ਚੁੱਕਾ ਹੈ ਅਤੇ ਇਸ ਨੇ ਅਜਿਹਾ ਵਿਕਾਸ ਕੀਤਾ ਹੈ, ਔਰਤ ਦੀ ਆਜ਼ਾਦੀ ਲਈ ਕਿ ਔਰਤ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਰਨਾ ਸ਼ੁਰੂ ਕਰ ਦਿੱਤਾ। ਜਦੋਂ ਮਨੁੱਖ ਕੁਦਰਤ ਦੇ ਵਰਤਾਰੇ ਵਿਚ ਦਖਲਅੰਦਾਜ਼ੀ ਕਰਦਾ ਹੈ ਤਾਂ ਉਹ ਵਿਕਾਸ ਨਾ ਹੋ ਕੇ ਸਗੋਂ ਪਿਛਾਂਹ ਵੱਲ ਮੋੜਾ ਹੁੰਦਾ ਹੈ। ਔਰਤਾਂ ਨੂੰ ਹਰ ਪੜਾਅ ਉੱਤੇ ਬਿਮਾਰ ਮਾਨਸਿਕਤਾ ਵਾਲੇ ਪੁਰਸ਼ਾਂ ਤੋਂ ਡਰ ਲੱਗਿਆ ਰਹਿੰਦਾ ਹੈ ਅਤੇ ਹਰ ਪੁਰਸ਼ ਔਰਤ ਦੀ ਮਜਬੂਰੀ ਦਾ ਲਾਭ ਲੈਣ ਦਾ ਮੌਕਾ ਲੱਭਦਾ ਰਹਿੰਦਾ ਹੈ।
ਠੀਕ ਹੈ ਕਿ ਅੱਜ ਦੀ ਔਰਤ ਦਿ ?ੜ੍ਹਤਾ ਵਾਲੀ, ਹਿੰਮਤ ਵਾਲੀ, ਸਵੈਵਿਸ਼ਵਾਸ ਵਾਲੀ ਅਤੇ ਹਰ ਖੇਤਰ ਵਿਚ ਬੁਲੰਦੀਆਂ ਨੂੰ ਛੂਹਣ ਵਾਲੀ ਹੈ ਪਰ ਜਿੰਨੀ ਇਸ ਦੀ ਕਾਬਲੀਅਤ ਵਧੀ ਹੈ, ਓਨਾ ਇਸ ਦਾ ਸ਼ੋਸ਼ਣ ਵੀ ਵਧਿਆ ਹੈ। ਸਾਡੇ ਪ੍ਰਬੰਧਕੀ, ਕਾਰ-ਵਿਹਾਰੀ ਲੋਕ ਏਨੇ ਭਿ ?ਸ਼ਟ ਹੋ ਗਏ ਨੇ ਕਿ ਆਮ ਵਿਹਾਰ ਕਰਦੀ ਔਰਤ ਨੂੰ ਹਰ ਹੀਲੇ ਜਾਲ ਵਿਚ ਫਸਾਉਣਾ ਚਾਹੁੰਦੇ ਨੇ ਅਤੇ ਫਿਰ ਆਪ ਉੱਚੇ ਅਹੁਦੇ ਦੇ ਸਿਰ 'ਤੇ ਜਾਂ ਪੈਸੇ ਦੇ ਜ਼ੋਰ ਨਾਲ ਵੱਡੇ-ਵੱਡੇ ਜੁਰਮ ਕਰਕੇ ਵੀ ਨਹਾਤੇ-ਧੋਤੇ ਬਣ ਜਾਂਦੇ ਨੇ।
ਕੀ ਇਹੀ ਹੈ ਸਥਿਤੀ ਔਰਤ ਦੀ ਆਜ਼ਾਦੀ ਦੀ? ਕੋਈ ਕਹਿੰਦਾ ਹੈ ਕਿ ਹੁਣ ਤਾਂ ਔਰਤ ਪੂਰੀ ਤਰ੍ਹਾਂ ਆਜ਼ਾਦ ਏ ਅਤੇ ਕੋਈ ਕਹਿੰਦਾ ਹੈ ਕਿ ਜੀ ਨਹੀਂ, ਹਾਲੇ ਵੀ ਪਰਾਧੀਨ ਏ। ਗੱਲ ਇਹ ਹੈ ਕਿ ਜਦੋਂ ਤੱਕ ਸਾਡੇ ਸਮਾਜ ਵਿਚਲੀ ਨੈਤਿਕਤਾ ਦਾ ਪੱਧਰ ਉੱਚਾ ਨਹੀਂ ਹੁੰਦਾ, ਮਨੁੱਖੀ ਹਿਰਦਾ ਚੌੜਾ ਨਹੀਂ ਹੁੰਦਾ, ਆਦਮੀ ਦੀ ਹਉਂ ਨੀਵੀਂ ਨਹੀਂ ਹੁੰਦੀ ਅਤੇ ਪ੍ਰਬੰਧਕੀ ਢਾਂਚਾ ਨਹੀਂ ਸੁਧਰਦਾ, ਉਦੋਂ ਤੱਕ ਔਰਤ ਦੀ ਆਜ਼ਾਦੀ ਖੂਹ-ਖਾਤੇ ਹੀ ਹੈ।
ਜਾਹਿਲ ਪੁਰਸ਼ਾਂ ਦੀ ਤਾਂ ਗੱਲ ਛੱਡੋ, ਸਮਾਜ ਸੁਧਾਰਕ, ਵਿਦਵਾਨ, ਬੁੱਧੀਜੀਵੀ, ਕਰਤਾ-ਧਰਤਾ ਅਤੇ ਸਿਆਣੇ ਪੁਰਸ਼ ਵੀ ਔਰਤ ਦੀ ਆਜ਼ਾਦੀ ਉੱਤੇ ਖੁਸ਼ ਨਹੀਂ ਹਨ। ਔਰਤ ਦੀ ਸ਼ੋਹਰਤ ਉਨ੍ਹਾਂ ਨੂੰ ਪਛਾੜ ਸਕਦੀ ਹੈ ਕਦੀ ਵੀ, ਬਸ ਉਨ੍ਹਾਂ ਨੂੰ ਇਹੀ ਡਰ ਹੈ ਪਰ ਔਰਤ ਹਰ ਵੇਲੇ ਫਰਜ਼ਾਂ, ਕਰਤਵਾਂ, ਜ਼ਿੰਮੇਵਾਰੀਆਂ ਹੇਠਾਂ ਦੱਬੀ ਪੁਰਸ਼ ਦੇ ਰਹਿਮੋਕਰਮ ਸਦਕਾ ਤੁਰੀ ਜਾ ਰਹੀ ਹੈ।
ਜੇ ਔਰਤ ਨੂੰ ਆਜ਼ਾਦੀ ਨਹੀਂ ਦਿੱਤੀ ਜਾਂਦੀ, ਆਦਮੀ ਦੀ ਦਖਲਅੰਦਾਜ਼ੀ ਜਾਰੀ ਰਹੀ ਤਾਂ ਇਸ ਵਿਚ ਔਰਤ ਦਾ ਨੁਕਸਾਨ ਤਾਂ ਸਦੀਆਂ ਤੋਂ ਹੁੰਦਾ ਹੀ ਰਿਹਾ ਹੈ ਪਰ ਹੁਣ ਸਾਰੀ ਮਨੁੱਖਤਾ ਦਾ ਨੁਕਸਾਨ ਹੋਵੇਗਾ। ਨਵੀਂ ਪੀੜ੍ਹੀ ਦੇ ਬੱਚੇ ਗ਼ਲਤ ਰਾਹਾਂ ਉੱਤੇ ਤੁਰ ਪੈਣਗੇ। ਔਰਤ ਦੇ ਵਿਕਾਸ ਦਾ ਇਤਿਹਾਸ ਦੱਸਦਾ ਹੈ ਕਿ ਔਰਤ ਸਦਾ ਹੀ ਪਿਓ ਦੀ ਧੀ, ਪਤੀ ਦੀ ਪਤਨੀ ਅਤੇ ਪੁੱਤਰ ਦੀ ਮਾਂ ਰਹੀ ਹੈ। ਉਹ ਮੂਰਖ ਬਣਾਈ ਜਾਂਦੀ ਰਹੀ ਅਤੇ ਆਪੇ ਆਪਣੀ ਪਹਿਚਾਣ ਭੁੱਲ ਗਈ।
ਭਾਰਤ ਵਿਚ ਔਰਤ ਦੇ ਹੱਕ ਵਿਚ ਆਵਾਜ਼ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਠਾਈ ਅਤੇ ਕਿਹਾ-
'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨੁ।'
ਭਾਵ ਕਿ ਉਸ ਇਸਤਰੀ ਨੂੰ ਮਾੜਾ, ਨੀਵਾਂ ਕਿਉਂ ਆਖਿਆ ਜਾਵੇ, ਜਿਸ ਨੇ ਰਾਜੇ-ਮਹਾਰਾਜਿਆਂ ਨੂੰ ਜਨਮ ਦਿੱਤਾ ਹੈ। ਇਸ ਲਈ ਔਰਤ ਨੂੰ ਸਮਾਜ ਵਿਚ ਉਚਿਤ ਦਰਜਾ ਮਿਲਣਾ ਚਾਹੀਦਾ ਹੈ ਪਰ ਔਰਤ ਨੂੰ ਵੀ ਉਸ ਹੱਦ ਤੱਕ ਹੱਕ ਮੰਗਣੇ ਚਾਹੀਦੇ ਹਨ, ਜਿਥੋਂ ਤੱਕ ਜਾਇਜ਼ ਹਨ, ਤਾਂ ਹੀ ਸਮਾਜ ਵਿਚ ਉਸ ਦੀ ਪਹਿਚਾਣ ਅਤੇ ਇੱਜ਼ਤ ਕਾਇਮ ਰਹੇਗੀ। ਸ਼ਰਮ, ਜੋ ਕਿ ਉਸ ਦਾ ਗਹਿਣਾ ਹੈ, ਉਸ ਨੂੰ ਇਸ ਗਹਿਣੇ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਵਧ ਰਹੀਆਂ ਜਬਰ-ਜਨਾਹ ਦੀਆਂ ਘਟਨਾਵਾਂ ਨੂੰ ਰੋਕਣ ਲਈ ਯੋਗ ਕਦਮ ਚੁੱਕਣੇ ਚਾਹੀਦੇ ਹਨ ਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ।

**ਲੇਖਕ : ਆਰ. ਪੀ. ਕੌਰ**

# ਸਾਡੇ ਸਮੇਂ ਦਾ ਸਕੂਲ

ਸਮਾਂ ਬਹੁਤ ਬਲਵਾਨ ਹੁੰਦਾ ਹੈ।ਇੱਕ ਵਾਰੀ ਲੰਘ ਜਾਵੇ ਤਾਂ ਮੁੜ ਕੇ ਵਾਪਸ ਨਹੀਂ ਆਉਂਦਾ ,ਬੱਸ ਅਤੀਤ ਦੀਆਂ ਖੱਟੀਆਂ-ਮਿੱਠੀਆਂ ਯਾਦਾਂ ਦੀ ਮੱਠੀ- ਮੱਠੀ ਪੀੜ ਹਮੇਸ਼ਾ ਲਈ ਦੇ ਜਾਂਦਾ ਹੈ।ਹੁਣ ਜਦੋਂ ਕਦੇ ਅੱਜ ਦੇ ਸਕੂਲ ਦੀ ਜਿੰਦਗੀ ਅਤੇ ਸਾਡੇ ਸਮੇਂ ਦੇ ਸਕੂਲ ਦੀ ਜਿੰਦਗੀ ਸੋਚਦੇ ਹਾਂ ਤਾਂ ਇਉਂ ਲੱਗਦਾ ਹੈ ਜਿਵੇਂ ਕਿਸੇ ਹੋਰ ਦੁਨੀਆਂ ਦੇ ਬਸ਼ਿੰਦੇ ਬਣ ਗਏ ਹਾਂ ,ਉਪਰੀ ਜਿਹੀ ਦੁਨੀਆਂ ਸਭ ਬਨਾਉਟੀ ਜਿਹਾ।ਸਾਡੇ ਸਮੇਂ ਦਾ ਸਕੂਲ ਤਾਂ ਬੱਸ ਸਾਡੇ ਵੇਲੇ ਦਾ ਹੀ ਸੀ ,ਖੁੱਲ੍ਹਾ ਜਿਹਾ ਪੰਜ-ਦਸ ਕਮਰਿਆਂ ਵਾਲਾ ,ਇੱਕ ਮਾਸਟਰਾਂ ਦਾ ਦਫਤਰ ,ਕਿੰਨ੍ਹੇ ਦਰਖੱਤ ਅਤੇ ਰੰਗ-ਬਰੰਗੀ ਦੁਪਹਿਰ ਖਿੜੀ ਦੀਆਂ ਕਿਆਰੀਆਂ।ਜਦੋਂ ਸਵੇਰੇ ਅਸੈਂਬਲੀ ਹੋਣੀ ਤਾਂ ਮਾਸਟਰ ਨੇ ਕਹਿਣਾ ਜਿਹੜੇ ਨਹਾ ਕਿ ਨਹੀਂ ਆਏ ਖੜੇ ਹੋ ਜਾਉ ਪਰ ਕਿਸੇ ਨੇ ਵੀ ਨਾ ਹੋਣਾ ਤਾਂ ਉਨ੍ਹਾਂ ਕਹਿਣਾ ਲਿਆਉ ਮੇਰਾ ਥਰਮਾਮੀਟਰ ਕਰੀਏ ਚੈੱਕ ਤਾਂ ਸਾਰਿਆਂ ਨੇ ਝੱਟ ਖੜ੍ਹੇ ਹੋ ਜਾਣਾ ਤੇ ਫੇਰ ਹੋਣੀ ਸਭ ਦੀ ਸੇਵਾ ।ਇਉਂ ਹੁੰਦੀ ਦਿਨ ਦੀ ਸ਼ੁਰੂਆਤ।ਉਹ ਪ੍ਰਾਇਮਰੀ ਸਕੂਲ ਵਿੱਚ ਲੱਗੀ ਨੀਲੇ ਰੰਗ ਦੀ ਵਰਦੀ ਜਦੋਂ ਕਦੇ ਨਵੀਂ ਨਵੀਂ ਸਵਾਈ ਹੋਣੀ ਤਾਂ ਇਉਂ ਲੱਗਦਾ ਸੀ ਜਿਵੇਂ ਯੂਨਾਨ ਦੇ ਬਾਦਸ਼ਾਹ ਹੋਈਏ। ਮਾਮੇ , ਚਾਚੇ ਜਾਂ ਭਰਾ ਦਾ ਵਿਆਹ ਹੋਣਾ ਤਾਂ ਉਹੋ ਵਰਦੀ ਹੀ ਹੁੱਬ ਕੇ ਪਾ ਬਰਾਤ ਵੀ ਚੜ੍ਹ ਜਾਂਦੇ ਸੀ ।ਮਾਂ ਦਾ ਬੜ੍ਹੀ ਰੀਝ ਨਾਲ ਸਿਲਾਈ ਕਰ ਕੇ ਦਿੱਤਾ ਰੇਹ ਵਾਲੇ ਗੱਟੇ ਦਾ ਬਸਤਾ ਵਿੱਚ ਸਟੀਲ ਦੀ ਡੱਬੀ ਵਿੱਚ ਪਾਏ ਦੋ ਪਰਾਠੇ ਜਿੰਨ੍ਹਾਂ ਦਾ ਕੁਝ ਸੁਆਦ ਤਾਂ ਸਕੂਲ ਜਾਂਦਿਆਂ ਹੀ ਦੇਖ ਲੈਂਦੇ ਸੀ । ਮੇਰੇ ਵਾਂਗ ਕਈ ਬੱਚੇ ਸਕੂਲ ਰੋਂਦੇ ਹੀ ਆਉਂਦੇ ਕਈ ਮਾਵਾਂ ਕੁੱਟਦੀਆਂ-ਕੁੱਟਦੀਆਂ ਸਕੂਲ ਛੱਡ ਕੇ ਜਾਂਦੀਆਂ ।ਇਹ ਸਿਲਸਿਲਾ ਪੂਰੀ ਪਹਿਲੀ ਜਮਾਤ ਤੱਕ ਚਲਦਾ ਰਹਿੰਦਾ। ਉਦੋਂ ਬੈਠਣ ਲਈ ਟਾਟ ਨਹੀਂ ਹੁੰਦੇ ਸਨ । ਰੇਹ ਵਾਲੀ ਬੋਰੀ ਦਾ ਗੱਟਾ ਹੀ ਸਾਡਾ ਟਾਟ ਹੁੰਦਾ ਸੀ ਸੱਚ ਜਾਣੋਂ ਜੋ ਸੁਆਦ ਉਸ ਗੱਟੇ 'ਤੇ ਬੈਠ ਕੇ ਮਿਲਦਾ ਸੀ ਉਹ ਅੱਜ ਤੱਕ ਕਾਲਜਾਂ,ਯੂਨੀਵਰਸਿਟੀਆਂ ਦੇ ਡਿਸਕਾਂ ਅਤੇ ਕੁਰਸੀਆਂ 'ਤੇ ਬੈਠ ਕੇ ਨਹੀਂ ਮਿਲਿਆ। ਬੋਰੀ ਦੇ ਬਸਤੇ ਵਿੱਚ ਪਾਈ ਫੱਟੀ,ਸਲੇਟ,ਸਲੇਟੀ,ਕੈਦਾ,ਦਵਾਤ,ਛਿਆਹੀ ਅਤੇ ਕਾਨੇ ਦੀ ਘੜੀ ਹੋਈ ਕਲਮ ਕੁੱਲ ਦੌਲਤ ਹੁੰਦੀ ਸੀ।ਫੱਟੀਆਂ ਪੋਚਣ ਲਈ ਸਕੂਲ ਦੀ ਇੱਕ ਨੁੱਕਰ ਵਿੱਚ ਛੋਟੀ ਜਿਹੀ ਖੇਲ ਬਣੀ ਹੁੰਦੀ ਸੀ ਜਿੱਥੇ ਕੁੜੀਆਂ-ਮੁੰਡੇ ਇਕੱਠੇ ਹੀ ਫੱਟੀਆਂ ਪੋਚਦੇ ਕਦੇ-ਕਦੇ ਕੋਈ ਜਿਆਦਾ ਸ਼ਰਾਰਤੀ ਕਿਸੇ ਦੀ ਛਾਲ ਵੀ ਲਵਾ ਦਿੰਦਾ ਸੀ,ਇੱਕ ਵਾਰੀ ਮੇਰੀ ਵੀ ਛਾਲ ਲੱਗੀ ਸੀ ਇਸ ਖੇਲ ਵਿੱਚ ਪਰ ਫਿਰ ਵੀ ਜਿਆਦਾ ਗੁੱਸਾ ਨਾ ਆਉਣਾ ਬੱਸ ਘੜੀ-ਪਲ ਦਾ ਗੁੱਸਾ ਛੁੱਟੀ ਹੋਣ ਤੱਕ ਫੇਰ ਉਹੋ ਜਿਹੇ ਹੋ ਜਾਈਦਾ ਸੀ।ਕਿਸੇ ਦਿਨ ਟੂਟੀ ਨਾ ਆਉਣੀ ਤਾਂ ਮਾਸਟਰ ਨੇ ਬਾਹਰ ਬਣੇ ਛੱਪੜ 'ਤੇ ਫੱਟੀਆਂ ਪੋਚਣ ਘੱਲ ਦੇਣਾ ।ਫੱਟੀਆਂ ਸਕਾਉਣ ਦਾ ਵੀ ਆਪਣਾ ਹੀ ਅੰਦਾਜ ਹੁੰਦਾ ਸੀ ਜਦੋਂ ਫੱਟੀ ਸਕਾਉਣੀ ਤਾਂ ਇਹ ਸਤਰਾਂ ਬੱਚੇ ਆਮ ਹੀ ਮੂੰਹੋਂ ਬੋਲਦੇ :-

'ਸੁੱਕ-ਸੁੱਕ ਫੱਟੀਏ, ਲੂੰਗਾਂ ਦੀਏ ਜੱਟੀਏ
ਲੂੰਗ ਬਥੇਰੇ ,ਖਾਵਾਂਗੇ ਸਵੇਰੇ
ਵੱਡਾ ਵੀਰ ਆਉਗਾ ,ਨਹਿਰ ਟਪਾਉਗਾ
ਨਹਿਰ ਗਈ ਟੁੱਟ ,ਫੱਟੀ ਗਈ ਸੁੱਕ

ਆਮ ਅਰਥਾਂ ਦੇ ਹਿਸਾਬ ਨਾਲ ਇਨ੍ਹਾਂ ਸਤਰਾਂ ਦਾ ਕੋਈ ਮਤਲਬ ਨਹੀਂ ਨਿਕਲਦਾ ਪਰ ਫੱਟੀ ਸਕਾਉਣ ਵੇਲੇ ਇਨ੍ਹਾਂ ਸਤਰਾਂ ਦਾ ਅਹਿਮ ਰੋਲ ਹੁੰਦਾ ਸੀ।ਫਿਰ ਲਾਇਨਾਂ ਮਾਰ ਕੇ ਮਾਸਟਰ ਤੋਂ ਪੂਰਨੇ ਪਵਾਉਣੇ ਫਿਰ ਬਲੇਟ ਨਾਲ ਕਾਨੇ ਦੀ ਸਾਰੇ ਆਪਣੇ ਆਪਣੇ ਹਿਸਾਬ ਨਾਲ ਕਲਮ ਘੜਦੇ ਸਨ ਕੋਈ ਮੋਟੀ,ਕੋਈ ਪਤਲੀ।ਫਿਰ ਫੱਟੀ ਲਿਖਣ ਦਾ ਟਾਇਮ ਆਉਂਦਾ ਤਾਂ ਕਿਸੇ ਕੋਲ ਛਿਆਹੀ ਨਾ ਹੋਣੀ ਤਾਂ ਉਹਨੇ ਕੱਲ ਨੂੰ ਛਿਆਹੀ ਦੀ ਪੁੜੀ ਲਿਆ ਕੇ ਦੇਣ ਦੇ ਬਦਲੇ ਉਹਦੀ ਦਵਾਤ ਵਿੱਚੋਂ ਉਧਾਰੀ ਛਿਆਹੀ ਲੈ ਲੈਣੀ।ਜੇ ਕਿਸੇ ਦੀ ਛਿਆਹੀ ਕੱਚੀ ਹੋਣੀ ਤਾਂ ਉਸ ਨੂੰ ਪੱਕੀ ਕਰਨ ਦਾ ਇਕ ਵੱਖਰਾ ਹੀ ਤਰੀਕਾ ਹੁੰਦਾ ਸੀ ਇਕ ਜਾਣੇ ਨੇ ਛਿਆਹੀ ਵਾਲੀ ਦਵਾਤ ਹਲਾਉਣੀ ਤੇ ਦੂਜੇ ਨੇ ਕਹਿਣਾ
ਕਾਲਾ ਡੱਡੂ ਆ ਗਿਆ ਕੇ ਨਹੀਂ,
ਕਾਲਾ ਡੱਡੂ ਆ ਗਿਆ ਕੇ ਨਹੀਂ
ਤਾ ਛਿਆਹੀ ਹਲਾਉਣ ਵਾਲਾ ਉਦੋਂ ਤੱਕ ਨਹੀਂ ,ਨਹੀਂ ਕਹਿੰਦਾ ਜਦੋਂ ਤੱਕ ਛਿਆਹੀ ਪੂਰੀ ਪੱਕੜੇ ਨਾ ਹੋ ਜਾਂਦੀ।ਸੱਚ ਜਾਣੋਂ ਇਹ ਕਿੰਨਾ ਰਮਣੀਕ ਮਾਹੌਲ ਹੁੰਦਾ ਸੀ।ਫੇਰ ਮਾਸਟਰ ਨੇ ਕੈਦਾ ਪੜਨ ਲਈ ਕਹਿਣਾ ਸਭ ਨੇ ਇਕ ਇਕ ਕਰਕੇ ਅੱਗੇ ਆ ਕੇ ਕੈਦਾ ਪੜ੍ਹਨਾ ਇੰਝ ਕਈਆਂ ਦੀਆਂ ਵਿੱਚ ਬਰੇਕਾਂ ਲੱਗ ਜਾਣੀਆਂ । ਏਨੇ ਨੂੰ ਅੱਧੀ ਛੁੱਟੀ ਹੋ ਜਾਣੀ ਸਾਰੀਆਂ ਨੇ ਆਪਣੀ ਆਪਣੀ ਲਿਆਂਦੀ ਹੋਈ ਟੋਲੀਆਂ ਬਣਾ ਕੇ ਰੋਟੀ ਖਾਣੀ। ਕਦੇ ਕਿਸੇ ਨੂੰ ਆਦਤ ਹੁੰਦੀ ਤਾਂ ਉਹ ਰੋਟੀ ਚੋਰੀ ਕਰਕੇ ਵੀ ਰੋਟੀ ਖਾਂਦਾ ਸੀ , ਸਾਰੇ ਉਸਨੂੰ ਰੋਟੀ ਚੋਰ ਕਹਿੰਦੇ ਸਨ। ਰੋਟੀ ਖਾਣ ਤੋਂ ਬਾਅਦ ਸਕੂਲ ਦੇ ਬਾਹਰ ਗੋਲੀਆ ਟੋਫੀਆਂ ਵਾਲਿਆਂ ਦੀਆਂ ਆਵਾਜਾਂ ਆਉਂਦੀਆਂ ਜਿਹੜੇ ਜਵਾਕ ਘਰੋਂ ਰੁਪਈਆ ਧੇਲੀ ਲਿਆਉਂਦੇ ,ਉਹ ਰੇਹੜੀ ਤੋਂ ਜਾ ਕੇ ਗੋਲੀਆਂ ਟੋਫੀਆਂ ਖਰੀਦ ਲੈਂਦੇ।ਫੇਰ ਸਾਰੇ ਮੁੰਡੇ ਕੁੜੀਆਂ ਨੇ ਇਕੱਠੇ ਲੁਕਣ ਮੀਚੀ ਸੂਹਣ ਸੁਲਾਈ ਖੇਡਣੀ ,ਹਰ ਕੁੜੀ ਵਿੱਚੋਂ ਆਪਣੀ ਭੈਣ ਦਾ ਚਿਹਰਾ ਦਿਸਣਾ। ਕਿੰਨੀ ਅਪਣਤ ਅਤੇ ਸਿਆਅਪ ਸੀ ਉਸ ਛੋਟੀ ਜਿਹੀ ਉਮਰੇ । ਇਸਤੋਂ ਬਾਦ ਵਾਰੀ ਆਉਂਦੀ ਸਲੇਟਾਂ ਉੱਤੇ ਗਿਣਤੀ ਲਿਖਣ ਦੀ ਜਦੋਂ ਕਿਸੇ ਕੋਲ ਸਲੇਟੀ ਨਾ ਹੋਣੀ ਜਾਂ ਉਹ ਸਲੇਟੀ ਖਾ ਜਾਂਦਾ ਸੀ ਤਾਂ ਉਸਨੂੰ ਸਲੇਟੀ ਕਿਸੇ ਕੋਲੋਂ ਮੰਗਣੀ ਪੈਂਦੀ ਸੀ ਓਹਦੇ ਸਲੇਟੀ ਮੰਗਣ ਦਾ ਆਪਣਾ ਹੀ ਤਜਰਬਾ ਹੁੰਦਾ ਸੀ । ਉਹ ਆਪਣੀ ਸਲੇਟ ਤੇ ਕੋਈ ਚਿੱਤਰ ਬਣਾ ਕੇ ਇਹ ਆਵਾਜ ਲਗਾਉਂਦਾ .
ਗਾਚੀ ਸਲੇਟੀ ਦੇ ਦਿਉ , ਮੂਰਤ ਵੇਖ ਲਓ।
ਗਾਚੀ ਸਲੇਟੀ ਦੇ ਦਿਉ , ਮੂਰਤ ਵੇਖ ਲਓ।
ਜਦੋਂ ਕਿਸੇ ਨੇ ਮੂਰਤ ਦੇਖਣੀ ਹੁੰਦੀ ਤਾਂ ਉਸਨੂੰ ਪਹਿਲਾਂ ਸਲੇਟੀ ਦੇਣੀ ਪੈਂਦੀ ਫੇਰ ਮੂਰਤ ਦੇਖ ਸਕਦਾ ਸੀ। ਇਸ ਤਰ੍ਹਾਂ ਉਹ ਆਪਣੀ ਸਲੇਟੀ ਦਾ ਬੰਦੋਬਸਤ ਕਰ ਲੈਂਦਾ ਸੀ। ਇਨ੍ਹਾਂ ਸਲੇਟੀਆਂ ਗਾਚੀਆਂ ਦੇਣ ਵਾਲਿਆਂ ਅੰਦਰ ਕਿਹੜਾ ਦਿਆਲੂ ਬੰਦਾ ਵਸਦਾ ਸੀ ,ਜਿਹੜਾ ਕਦੇ ਮੱਥੇ ਵੱਟ ਨਾ ਪਾਉਂਦਾ । ਫੇਰ ਜਦੋਂ ਸਾਰੀ ਛੁੱਟੀ ਹੋਣ ਵਾਲੀ ਹੁੰਦੀ ਤਾਂ ਵਾਰੀ ਆਉਂਦੀ ਪਹਾੜੇ ਸੁਣਾਉਣ ਦੀ ਮਾਸਟਰ ਨੇ ਵਾਰੀ ਵਾਰੀ ਸਿਰ ਕੋਲ ਬੁਲਾ ਕੇ ਪਹਾੜੇ ਸੁਣਾਉਣ ਲਈ ਕਹਿਣਾ ਜਿਹੜੇ ਬੱਚੇ ਨੂੰ ਪਹਾੜੇ ਨਾ ਆਉਣੇ ਤਾਂ ਉਹਨਾਂ ਨੂੰ ਮੁਰਗੇ ਬਣਾਉਣ ਦਾ ਰਿਵਾਜ ਆਮ ਪ੍ਰਚਲਿਤ ਸੀ ਕਦੇ ਕਦੇ ਇਹ ਮੁਰਗੇ ਨੂੰ ਤੋਰਿਆ ਵੀ ਜਾਂਦਾ ਸੀ। ਉਦੋਂ ਦੂਜੇ ਬੱਚੇ ਬਹੁਤ ਹੱਸਦੇ ਸਨ,ਕਈ ਵਾਰੀ ਕੋਈ ਜਰਵਾਣਾ ਹੱਸਣ ਵਾਲਿਆਂ ਤੇ ਜਾਣ ਸਮੇਂ ਚਾਰ ਚਪੇੜਾਂ ਵੀ ਧਰ ਦਿੰਦਾ ਸੀ।
ਫਿਰ ਅਗਲੇ ਦਿਨ ਮਾਵਾਂ ਸਕੂਲ ਆਉਂਦੀਆਂ ਤੇ ਕੁੱਟਣ ਵਾਲੇ ਦੀ ਹੋਰ ਛਿੱਤਰ ਪਰੇਡ ਹੁੰਦੀ।ਪਰ ਇਹ ਗੁੱਸਾ ਗਿਲਾ ਜਿਆਦਾ ਦਿਨਾਂ ਦਾ ਨਹੀਂ ਹੁੰਦਾ ਸੀ। ਦੋ ਪਈਆਂ ,ਵਿਸਰ ਗਈਆਂ ,ਸ਼ਾਵਾ ਮੇਰੀ ਢੂਈ ਦੇ।ਛੁੱਟੀ ਹੋਣ ਬਾਅਦ ਸਿੱਧਾ ਘਰੇ ਨਾ ਜਾਣਾ ਰਾਹ ਵਿੱਚ ਲੱਗੀਆਂ ਪਹਾੜੀ ਕਿੱਕਰਾਂ ਦੇ ਤੁੱਕੇ ਚੁਗਣੇ ਕੁਝ ਰੋੜੇ ਮਾਰ ਕੇ ਝਾੜਨੇ ਕੁਝ ਬਸਤੇ ਪਾ ਲੈਣੇ ਕੁਝ ਹੱਥ ਵਿੱਚ ਫੜ ਖਾਂਦੇ ਜਾਣਾ। ਸਕੂਲ ਵੀ ਕਾਫੀ ਦੂਰ ਸੀ ਪਰ ਕਦੇ ਥੱਕੇ -ਹੰਭੇ ਨਹੀਂ ਸੀ ਪਤਾ ਨਹੀਂ ਏਨਾਂ ਬਲ ਇੰਨੀ ਛੋਟੀ ਉਮਰ ਵਿੱਚ ਕਿੱਥੋਂ ਆ ਗਿਆ ਸੀ। ਪਰ ਹੁਣ ਸੋਚਦਾ ਹਾਂ ਕਿ ਸਮਾਂ ਏਨਾ ਬਦਲ ਜਾਵੇਗਾ ਕਿ ਬੱਚੇ ਮਾਸਟਰਾਂ ਦੇ ਲੱਫੜ ਮਾਰਨਗੇ, ਬੇਇੱਜਤੀ ਕਰਨਗੇ, ਰਾਹ ਘੇਰਨਗੇ, ਜਿੰਨਾਂ ਮਾਸਟਰਾਂ ਦਾ ਇਕ ਬੋਲ ਸਾਡੇ ਈ ਕਾਨੂੰਨ ਬਣ ਜਾਂਦਾ ਸੀ।ਮਾਂ ਪਿਉ ਦਾ ਕਿਹਾ ਤਾਂ ਮੋੜ ਸਕਦੇ ਸੀ ਪਰ ਅਧਿਆਪਕ ਦਾ ਕਿਹਾ ਕਦੇ ਨਹੀ ਮੋੜਦੇ ਸੀ। ਇਹ ਜਾਂ ਤਾਂ ਸਾਡੇ ਮਾਂ ਪਿਉ ਦੀ ਚੰਗੀ ਸਿੱਖਿਆ ਜਾਂ ਚੰਗੇ ਸਮੇਂ ਦੀ ਨਿਸ਼ਾਨੀ ਸੀ।ਹੁਣ ਜਦੋਂ ਕਾਲਜ ਦੇ ਪ੍ਰੋਫੈਸਰਾਂ ਨਾਲ ਵੀ ਗੱਲ ਹੁੰਦੀ ਹੈ ਤਾਂ ਬੜਾ ਦੁੱਖ ਹੁੰਦਾ ਜਦੋਂ ਉਹ ਕਹਿੰਦੇ ਹੁਣ ਕਾਹਦੀ ਪੜ੍ਹਾਈ ,ਹੁਣ ਤਾਂ ਬੱਚੇ ਕਲਾਸਾਂ 'ਚ ਬੈਠੇ ਮੋਬਾਇਲ ਚੈਟ ਕਰੀ ਜਾਂਦੇ , ਨਸ਼ੇ ਕਰੀ ਜਾਂਦੇ ਐ।ਜੇ ਕਿਸੇ ਨੂੰ ਘੂਰੀ ਦਾ ਬਾਅਦ ਚ ਸਾਨੂੰ ਘੇਰ ਲੈਂਦਾਂ ।ਇਹ ਠੀਕ ਹੈ ਕਿ ਸਮੇਂ ਨਾਲ ਬਦਲਾਵ ਜਰੂਰੀ ਹੈ ਪਰ ਏਨਾਂ ਬਦਲਾਵ ਜਿਸ ਵਿੱਚ ਵੱਡੇ ਛੋਟੇ ਦੀ ਕੋਈ ਲਿਹਾਜ਼ ਨਹੀਂ , ਚੰਗੇ ਮਾੜੇ ਦੀ ਪਰਖ ਨਹੀਂ , ਅਧਿਆਪਕ ਦਾ ਸਤਿਕਾਰ ਨਹੀਂ ਅਤੇ ਮਾਂ ਪਿਉ ਨਾਲ ਦੁਰਵਿਹਾਰ ਚੰਗੇ ਸਮੇਂ ਦੀ ਨਿਸ਼ਾਨੀ ਨਹੀਂ ਬਲਕਿ ਸਾਡੇ ਡਿੱਗ ਰਹੇ ਇਖਲਾਕ , ਸਾਡੇ ਮਾੜੇ ਆਚਰਣ ਦਾ ਜਿਉਂਦਾ ਜਾਗਦਾ ਸਬੂਤ ਹੈ। ਸਾਨੂੰ ਇਹ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਸਾਨੂੰ ਜਿੰਦਗੀ ਦੇ ਉਹ ਹਸੀਨ ਪਲ ਮਾਨਣ ਦਾ ਮੌਕਾ ਮਿਲਿਆ ਜਿਹੜੇ ਕੋਈ ਧਨਾਢ ਬੰਦਾ ਅਰਬਾਂ ਖਰਬਾਂ ਖਰਚ ਕੇ ਵੀ ਪ੍ਰਾਪਤ ਨਹੀਂ ਕਰ ਸਕਦਾ।ਉਦੋਂ ਮਨ ਬੜਾ ਗਦ ਗਦ ਹੋ ਜਾਂਦਾ ਹੈ ਜਦੋਂ ਕਿਸੇ ਸਕੂਲ ਜਾਂ ਕਾਲਜ ਅਧਿਆਪਕ ਨਾ ਫੋਨ 'ਤੇ ਗੱਲ ਕਰੀ ਦੀ ਹੈ ਤੇ ਅੱਗੋਂ ਅਧਿਆਪਕ ਕਹਿੰਦਾ ਹੈ ਕਿ ਮੈਨੂੰ ਤੇਰੇ ਨਾਲ ਗੱਲ ਕਰਕੇ ਇਉਂ ਲੱਗਦਾ ਹੈ ਜਿਵੇਂ ਮੈਨੂੰ ਪਰਮਵੀਰ ਚੱਕਰ ਮਿਲ ਗਿਆ ਹੋਵੇ। ਭਾਂਵੇ ਲੰਘਿਆ ਸਮਾਂ ਤਾਂ ਵਾਪਸ ਨਹੀਂ ਮੁੜ ਸਕਦਾ ਪਰ ਪਰਮਾਤਮਾ ਕਰੇ ਸਾਡੇ ਬੱਚਿਆਂ ਦੀ ਜਿੰਦਗੀ ਵਿੱਚ ਉਹ ਇਖਲਾਕ ਅਪਣਤ , ਸੱਚਾ -ਸੁੱਚਾ ਆਚਰਣ ਅਤੇ ਆਦਰ ਸਤਿਕਾਰ ਪਰਤ ਆਵੇ।

**ਸਤਨਾਮ ਸਿੰਘ ਸ਼ਦੀਦ(ਸਮਾਲਸਰ)**
ਮੋਬਾ:97108-60004

# ਕੌਮਾਂਤਰੀ ਸਮੱਸਿਆਵਾਂ 'ਚ ਉਲਝਿਆ ਚੀਨ ਕੀ ਭਾਰਤ ਨਾਲ ਜੰਗ ਛੇੜੇਗਾ?

ਸਰਹੱਦ 'ਤੇ ਚੀਨ ਅਤੇ ਭਾਰਤ ਵਿਚਾਲੇ ਵਧ ਰਿਹਾ ਤਣਾਓ ਕੋਈ ਆਮ ਵਰਤਾਰਾ ਨਹੀਂ ਹੈ, ਸਗੋਂ ਇਸ ਨੂੰ ਅਮਰੀਕਾ ਸਮੇਤ ਦੁਨੀਆਂ ਦੇ ਵੱਡੇ ਤੇ ਤਾਕਤਵਰ ਮੁਲਕ ਗਲੋਬਲ ਮਾਈਕਰੋਸਕੋਪ ਨਾਲ ਦੇਖ ਰਹੇ ਹਨ। ਅਸਲ ਵਿਚ ਇਸ ਵੇਲੇ ਚੀਨ ਭਾਰਤ ਨਾਲ ਹੀਂ ਨਹੀਂ ਢਿੱਡ ਅੜਿੱਕਾ ਲੈ ਰਿਹਾ, ਸਗੋਂ ਜੋ ਉਹ ਹਾਂਗਕਾਂਗ, ਤਾਇਵਾਨ ਅਤੇ ਵੀਅਤਨਾਮ ਵਿਚ ਕਰ ਰਿਹਾ ਹੈ, ਉਹ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਚਿੜੀ ਦੇ ਪਹੁੰਚੇ ਜਿੱਡਾ ਮੁਲਕ ਨੇਪਾਲ, ਜੋ ਆਪਣੀ ਸਮਾਜਕ, ਆਰਥਕ, ਭੂਗੋਲਿਕ ਅਤੇ ਰਾਜਨੀਤਕ ਲੜਾਈ ਭਾਰਤ ਦੀ ਛਤਰੀ ਹੇਠ ਹੀ ਲੜਦਾ ਰਿਹਾ ਹੈ, ਜੇ ਭਾਰਤ ਨਾਲ ਸਰਹੱਦੀ ਵਿਵਾਦ ਵਿਚ ਉਲਝ ਰਿਹਾ ਹੈ ਤਾਂ ਸੱਚ ਨਹੀਂ ਕਿ ਸਥਿਤੀ 'ਤੂੰ ਨਹੀਂ ਬੋਲਦੀ' ਵਾਂਗ ਪੂਰੀ ਤਰ੍ਹਾਂ ਸਪੱਸ਼ਟ ਹੈ। ਅਮਰੀਕਾ ਚੀਨ ਨੂੰ ਸਬਕ ਸਿਖਾਉਣ ਦੇ ਦਬਕੇ ਮਾਰ ਰਿਹਾ ਹੈ, ਭਾਰਤ ਨਾਲ ਦੋਸਤੀ ਦੀਆਂ ਦੋਵੇਂ ਬਾਹਵਾਂ ਖੋਲ੍ਹ ਰਿਹਾ ਹੈ, ਚੀਨ ਤੇ ਪਾਕਿਸਤਾਨ ਦੀ ਹੋਰ ਮੁਹੱਬਤ ਵਧਣ ਪਿੱਛੇ ਧਾਰਾ 370 ਦੀ ਵੀ ਇਕ ਪੀੜਾ ਹੈ।
ਇਸ ਵੇਲੇ ਹਾਲਾਤ ਇਹ ਹਨ ਕਿ ਹਜ਼ਾਰਾਂ ਦੀ ਗਿਣਤੀ 'ਚ ਚੀਨੀ ਫੌਜ ਪੂਰਬੀ ਲੱਦਾਖ ਨਾਲ ਲੱਗਦੀ ਸਰਹੱਦ ਦੇ ਨੇੜੇ ਤਾਇਨਾਤ ਹੋ ਗਈ ਹੈ, ਜਿਸ ਨੂੰ ਭਾਰਤ ਆਪਣਾ ਖੇਤਰ ਮੰਨਦਾ ਹੈ। ਪਹਿਲੀ ਵਾਰ ਹੈ ਕਿ ਜਦੋਂ ਚੀਨ ਨੇ ਤੰਬੂ ਲਾਏ ਹਨ, ਫੌਜਾਂ ਅਤੇ ਲੜਾਕੂ ਜਹਾਜ਼ ਲਿਆ ਖੜ੍ਹੇ ਕੀਤੇ ਹਨ। ਦੂਜੇ ਪਾਸੇ ਭਾਰਤੀ ਫੌਜ ਵੀ ਹਿਮਾਲੀਅਨ ਸਰਹੱਦ ਲੇਹ ਤੋਂ ਚੀਨ ਦੀ ਹੱਦ ਤੱਕ ਅਨੇਕਾਂ ਬਟਾਲੀਅਨਾਂ ਨੂੰ ਭੇਜ ਕੇ ਟਿਕਾਣੇ ਬਣਾ ਚੁਕੀ ਹੈ ਅਤੇ ਸ਼ਿਸ਼ਤ ਲਾਈ ਬੈਠੀ ਹੈ। 120 ਮੀਲ ਤੋਂ ਵੀ ਘੱਟ ਦੂਰੀ 'ਤੇ ਫੌਜੀ ਏਅਰਬੇਸ ਸਥਾਪਤ ਕਰਨੇ, ਨਵੇਂ ਰਨਵੇਅ ਬਣਾਉਣੇ ਅਤੇ ਜੰਗੀ ਜਹਾਜ਼ ਲਿਆ ਕੇ ਖੜ੍ਹੇ ਕਰਨੇ ਨਾ ਸਿਰਫ ਦੋਹਾਂ ਦੇਸ਼ਾਂ ਲਈ ਖਤਰਨਾਕ ਹਨ, ਸਗੋਂ ਏਸ਼ੀਆ ਖਿੱਤੇ ਲਈ ਇਹ ਇਕ ਭਿਆਨਕ ਭਵਿੱਖ ਵੀ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਕਰੀਬ 2100 ਮੀਲ ਭਾਰਤ-ਚੀਨ ਸਰਹੱਦ, ਜਿਸ ਦਾ ਬਹੁਤਾ ਹਿੱਸਾ ਅਧਿਕਾਰਤ ਹੱਦਬੰਦੀ ਨਾ ਹੋਣ ਕਾਰਨ ਵਿਵਾਦਪੂਰਨ ਰਿਹਾ ਹੈ, ਇਹ ਦੋਵੇਂ ਦੇਸ਼ 1962 ਵਿਚ ਕਿਸੇ ਕਰਕੇ ਸੰਖੇਪ, ਪਰ ਅਹਿਮ ਯੁੱਧ ਵੀ ਲੜ ਚੁਕੇ ਹਨ। ਚੀਨ ਦੀ ਹੁਣ ਤੱਕ ਇਹ ਵੀ ਧੌਂਸ ਰਹੀ ਕਿ ਉਹ ਭਾਰਤ ਦੇ ਰਾਜ ਅਰੁਣਾਚਲ ਪ੍ਰਦੇਸ਼ ਨੂੰ ਹਾਲੇ ਤੱਕ ਵੀ ਆਪਣਾ ਖੇਤਰ ਮੰਨਦਾ ਆ ਰਿਹਾ ਹੈ, ਜਦਕਿ ਭਾਰਤ ਸਰਹੱਦੀ ਨਿਯੰਤਰਿਤ ਰੇਖਾ ਤੱਕ ਆਪਣਾ ਹਿੱਸਾ ਮੰਨਦਾ ਆਇਆ ਹੈ। ਦੋਵੇਂ ਦੇਸ਼ਾਂ ਨੇ ਫੌਜੀ ਸਰਹੱਦਾਂ 'ਤੇ ਹੱਥੋਪਾਈ ਕੀਤੀ ਹੈ, ਇਕ ਦੂਜੇ 'ਤੇ ਪੱਥਰ ਮਾਰੇ ਹਨ, ਪਰ ਗੋਲੀਬਾਰੀ ਸਬੱਬੀਂ ਕਦੇ ਵੀ ਨਹੀਂ ਹੋਈ। ਚੀਨ ਦੀ ਵੱਖੀ 'ਚ ਕੂਹਣੀ ਮਾਰਨ ਦੀ ਕਾਹਲ 'ਚ ਖੜ੍ਹੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਲੰਮੇ ਸਮੇਂ ਤੋਂ ਖੇਤਰੀ ਵਿਵਾਦ ਵਿਚ ਉਲਝੀਆਂ ਇਨ੍ਹਾਂ ਦੋਵੇਂ ਏਸ਼ੀਆਈ ਤਾਕਤਾਂ ਵਿਚਾਲੇ ਹੋਣ ਵਾਲੇ ਤਕਰਾਰ ਨੂੰ ਹੱਲ ਕਰਨ ਲਈ ਵਿਚੋਲਗੀ ਦੀ ਪੇਸ਼ਕਸ਼ ਕਰ ਦਿੱਤੀ ਹੈ। ਰਾਸ਼ਟਰਪਤੀ ਨੇ ਕਿਹਾ ਹੈ ਕਿ ਅਮਰੀਕਾ ਦੋਵੇਂ ਦੇਸ਼ਾਂ ਦੇ ਸਰਹੱਦੀ ਵਿਵਾਦ 'ਚ ਅਹਿਮ ਰੋਲ ਅਦਾ ਕਰਨ ਦੇ ਸਮਰੱਥ ਹੈ ਅਤੇ ਤਿਆਰ ਵੀ ਹੈ। ਇਸ ਖਬਰ ਨੂੰ ਭਾਵੇਂ ਅਮਰੀਕਾ ਦੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਨੇ ਬਹੁਤੀ ਤਰਜ਼ੀਹ ਨਾ ਦਿੱਤੀ ਹੋਵੇ, ਪਰ 'ਵਾਸ਼ਿੰਗਟਨ ਪੋਸਟ' ਅਤੇ 'ਵਾਲ ਸਟਰੀਟ' ਜਿਹੀਆਂ ਅਖਬਾਰਾਂ ਅੱਜ ਕੱਲ੍ਹ ਭਾਰਤ-ਚੀਨ ਵਿਵਾਦ ਨੂੰ ਖਬਰਾਂ ਦੇ ਰੂਪ ਵਿਚ ਤਰਜ਼ੀਹੀ ਤੌਰ 'ਤੇ ਪੇਸ਼ ਕਰ ਰਹੀਆਂ ਹਨ।
ਅਮਰੀਕਾ ਅਜਿਹਾ ਕਿਉਂ ਕਰ ਰਿਹਾ ਹੈ? ਇਸ ਬਾਰੇ ਵਾਸ਼ਿੰਗਟਨ ਦੇ ਵਿਲਸਨ ਸੈਂਟਰ ਵਿਚ ਏਸ਼ੀਆਈ ਪ੍ਰੋਗਰਾਮ ਦੇ ਡਿਪਟੀ ਡਾਇਰੈਕਟਰ ਮਾਈਕਲ ਓਗੇਨਮੈਨ ਨੇ ਵੀ ਇਕ ਟੀ. ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੀਨ ਦੀਆਂ ਹਰਕਤਾਂ ਅਤੇ ਗਤੀਵਿਧੀਆਂ ਨੂੰ ਤੁਰੰਤ ਰੋਕਣ ਦੀ ਲੋੜ ਹੈ, ਕਿਉਂਕਿ ਇਹ ਭਾਰਤ ਦੀ ਤਾਕਤ ਨੂੰ ਤਾਰੋਤਾਰ ਕਰਨ ਦੀ ਇੱਛਾ ਇਸ ਲਈ ਰੱਖਦਾ ਹੈ, ਕਿਉਂਕਿ ਇਹੀ ਮੁਲਕ ਹੈ ਜੋ ਏਸ਼ੀਆ 'ਚ ਚੀਨ ਦਾ ਜਮੂਰਾ ਨਹੀਂ ਬਣੇਗਾ ਅਤੇ ਅੱਖਾਂ ਦਿਖਾਏਗਾ। ਕਸ਼ਮੀਰ ਵਿਚ 370 ਦੇ ਖਾਤਮੇ ਬਾਰੇ ਉਹ ਪਾਕਿਸਤਾਨ ਤੋਂ ਵੱਧ ਕੱਪੜਿਆਂ ਤੋਂ ਬਾਹਰ ਹੋਇਆ ਫਿਰਦਾ ਹੈ। ਜਿਸ ਤਰ੍ਹਾਂ ਦੀ ਲਹਿਰ ਉਹ ਲੱਦਾਖ ਵਿਚ ਪੈਦਾ ਕਰ ਰਿਹਾ ਹੈ, ਉਹ ਬਹੁਤ ਫਿਕਰਮੰਦੀ ਵਾਲੀ ਹੈ ਤੇ ਅਮਰੀਕਾ ਇਹ ਸਭ ਕੁਝ ਬਹੁਤ ਨੇੜੇ ਤੋਂ ਤੱਕ ਰਿਹਾ ਹੈ। ਚੀਨ ਦਾ ਭਾਰਤੀ ਸਰਹੱਦਾਂ, ਸੜਕਾਂ ਅਤੇ ਹਵਾਈ ਅੱਡਿਆਂ ਦਾ ਨਿਰਮਾਣ ਬੀਜਿੰਗ ਦੇ ਬੈਲਟ ਐਂਡ ਰੋਡ ਪ੍ਰਾਜੈਕਟ ਦਾ ਚਿੰਤਿਤ ਹਿੱਸਾ ਹੈ ਤੇ ਉਹ ਇਸ ਪ੍ਰਾਜੈਕਟ ਤਹਿਤ ਕੇਂਦਰੀ ਅਤੇ ਦੱਖਣੀ ਏਸ਼ੀਆਈ ਦੇਸ਼ਾਂ ਨਾਲ ਚੀਨ ਨੂੰ ਯੂਰਪ ਨਾਲ ਜੋੜਨ ਵਾਲੀਆਂ ਸੜਕਾਂ, ਰੇਲਵੇ ਤੇ ਬੰਦਰਗਾਹਾਂ ਦਾ ਇਕ ਨੈਟਵਰਕ ਬਣਾ ਰਿਹਾ ਹੈ। ਇਸ ਵਿਚ ਉਸ ਦਾ ਮੁੱਖ ਸਹਿਯੋਗੀ ਅਤੇ ਭਾਰਤ ਦਾ ਦੁਸ਼ਮਣ ਪਾਕਿਸਤਾਨ ਵੀ ਸ਼ਾਮਿਲ ਹੈ। ਜਦੋਂ ਇਸ ਵੇਲੇ ਪੂਰੀ ਦੁਨੀਆਂ ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿਚ ਲੱਗੀ ਹੋਈ ਹੈ ਤਾਂ ਚੀਨ ਕੀ ਕਰ ਰਿਹਾ ਹੈ? ਤਾਂ ਆਪਣੇ ਆਪ ਸਪੱਸ਼ਟ ਹੋ ਰਿਹਾ ਹੈ ਕਿ ਇਸ ਦੇਸ਼ ਦੀਆਂ ਨੀਤੀਆਂ ਅਤੇ ਨੀਅਤ ਠੀਕ ਨਹੀਂ ਹੈ। ਪਰ ਇਹ ਗੱਲ ਅਮਰੀਕਾ ਨੂੰ ਵੀ ਲੱਗਦੀ ਹੈ ਤੇ ਭਾਰਤ ਇਹ ਸਾਰੇ ਝਗੜੇ ਸੁਲਝਾਉਣ ਲਈ ਆਪ ਤਰੀਕੇ ਲੱਭੇਗਾ ਅਤੇ ਅਮਰੀਕੀ ਵਿਚੋਲਗੀ ਨੂੰ ਰੱਦ ਕਰ ਦੇਵੇਗਾ ਕਿਉਂਕਿ ਇਸ ਤੋਂ ਪਹਿਲਾਂ ਕਸ਼ਮੀਰੀ ਵਿਵਾਦ ਵਿਚ ਵੀ ਚਾਹੇ ਸੰਯੁਕਤ ਰਾਸ਼ਟਰ ਦੀ ਪੇਸ਼ਕਸ਼ ਹੋਵੇ ਤੇ ਚਾਹੇ ਸੰਯੁਕਤ ਰਾਜ ਅਮਰੀਕਾ ਦੀ, ਭਾਰਤ ਹਮੇਸ਼ਾ ਠੁਕਰਾਉਂਦਾ ਹੀ ਆਇਆ ਹੈ। ਵੇਖਿਆ ਜਾਵੇ ਤਾਂ 5 ਅਤੇ 9 ਮਈ ਨੂੰ ਪੈਨਗੌਂਗ ਝੀਲ ਤੇ ਉਤਰੀ ਸਿੱਕਮ ਦੇ ਦੁਆਲੇ ਜਦੋਂ ਦੋਹਾਂ ਦੇਸ਼ਾਂ ਦੇ ਫੌਜੀਆਂ ਵਿਚਾਲੇ ਸਿੱਧੀਆਂ ਝੜਪਾਂ ਵਿਚ 100 ਤੋਂ ਵੱਧ ਫੌਜੀ ਜ਼ਖਮੀ ਹੋ ਗਏ ਤਾਂ ਦੋਹਾਂ ਹੀ ਦੇਸ਼ਾਂ ਨੇ ਹਮਲਾਵਰ ਫੌਜ ਤਾਇਨਾਤ ਕਰ ਦਿੱਤੀ ਸੀ। ਇਨ੍ਹਾਂ ਬਾਰੇ ਚੀਨ ਵਿਚ ਭਾਰਤ ਦੇ ਸਾਬਕਾ ਰਾਜਦੂਤ ਅਤੇ ਇਸ ਵਿਚ ਦਿੱਲੀ ਸਥਿਤ ਚੀਨੀ ਅਧਿਐਨ ਇੰਸਟੀਚਿਊਟ ਦੇ ਡਾਇਰੈਕਟਰ ਅਸ਼ੋਕ. ਕੇ. ਕਾਂਠਾ ਨੇ ਕਿਹਾ ਸੀ ਕਿ ਹਾਲ ਹੀ ਵਿਚ ਹੋਏ ਚੀਨ ਦੇ ਇਹ ਹਮਲੇ ਆਮ ਘਟਨਾਵਾਂ ਤੋਂ ਬਹੁਤ ਦੂਰ ਹਨ। ਕਾਂਠਾ ਨੇ ਇਕ ਬਿਆਨ ਰਾਹੀਂ ਦੱਸਿਆ ਕਿ ਸੀ ਕਿ ਮੈਨੂੰ ਨਹੀਂ ਲੱਗਦਾ ਕਿ ਇਹ ਆਮ ਘਟਨਾ ਹੈ, ਇਸ ਵਾਰ ਚੀਨ ਦਾ ਵਿਹਾਰ ਬਹੁਤ ਅਜੀਬ, ਤਿੱਖਾ, ਖੁੰਦਕ ਵਾਲਾ ਅਤੇ ਹਮਲਾਵਰ ਹੈ। ਵੱਡੀ ਗਿਣਤੀ ਵਿਚ ਫੌਜੀਆਂ ਦਾ ਸਮਰੱਥਨ ਹੈ ਤੇ ਇਸ ਵਰਤਾਰੇ ਨਾਲ ਚੀਨ ਨੂੰ ਸੰਵੇਦਨਸ਼ੀਲ, ਭੂ-ਰਾਜਨੀਤਕ ਮੁੱਦਿਆਂ 'ਤੇ ਸਮਝਣ ਦੀ ਲੋੜ ਹੈ। ਕਾਂਠਾ ਨੇ ਸਪੱਸ਼ਟ ਕੀਤਾ ਸੀ ਕਿ ਚੀਨ ਨੂੰ ਧੌਂਸ ਤੇ ਬਦਮਾਸ਼ੀ ਵਾਲਾ ਵਿਹਾਰ ਤਿਆਗਣਾ ਹੋਵੇਗਾ ਤੇ ਇਹੋ ਹੀ ਦੋਹਾਂ ਦੇਸ਼ਾਂ ਦੇ ਹਿੱਤ ਵਿਚ ਹੋਵੇਗਾ। ਭਾਰਤ ਦੀ ਅਸਲ ਕੰਟਰੋਲ ਰੇਖਾ, ਐਲ. ਓ. ਸੀ ਤੇ ਚੀਨੀ ਵਿਹਾਰ ਦੀ ਮੌਜੂਦਾ ਸਥਿਤੀ ਉਸ ਦੇ ਅੰਦਰਲੇ ਖੋਟ ਨੂੰ ਜੱਗ ਜਾਹਰ ਕਰ ਰਹੀ ਹੈ। ਹਾਲਾਂਕਿ ਭਾਰਤ ਦੇ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਫੌਜੀਆਂ ਦੇ ਸਰਹੱਦੀ ਧਾਵੇ ਲਈ ਚੀਨ ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ ਜੋ ਇਸ ਵਕਤ ਦੁਨੀਆਂ ਦੇ ਹਾਲਾਤ ਤੇ ਪ੍ਰਸਥਿਤੀਆਂ ਹਨ, ਬੀਜਿੰਗ ਨੂੰ ਸੰਭਲਣ ਦੀ ਲੋੜ ਹੈ ਅਤੇ ਸੰਜਮ ਵਰਤਣਾ ਹੀ ਚੀਨ ਲਈ ਲਾਹੇਵੰਦ ਹੋਵੇਗਾ। ਉਂਜ ਗੁੰਝਲਦਾਰ ਤਣਾਅ ਨੂੰ ਦੂਰ ਕਰਨ ਲਈ ਡਿਪਲੋਮੈਟਿਕ ਮੀਟਿੰਗਾਂ ਸਹੀ ਦਿਸ਼ਾ ਵੱਲ ਗਈਆਂ ਹਨ। ਜਿਵੇਂ 2017 ਵਿਚ ਭਾਰਤ ਡੋਕਲਾਮ ਵਿਵਾਦਤ ਪਠਾਰ ਦਾ ਕੂਟਨੀਤਕ ਹੱਲ ਸਿਰਫ ਦੋ ਮਹੀਨਿਆਂ ਵਿਚ ਹੀ ਕਰ ਗਿਆ ਸੀ। ਇਸ ਵਕਤ ਇਹ ਵੀ ਕਹਿਣਾ ਬਣਦਾ ਹੈ ਕਿ ਤਾਨਾਸ਼ਾਹ ਵਰਗੇ ਚੀਨੀ ਸਾਸ਼ਕ ਜਿੰਨ ਪਿੰਗ ਦੀਆਂ ਆਪਣੀਆਂ ਵੀ ਅੰਦਰੂਨੀ ਸਮੱਸਿਆਵਾਂ ਬਹੁਤ ਹਨ। ਅਮਰੀਕਾ ਨਾਲ ਸਬੰਧ ਇੱਟ-ਕੁੱਤੇ ਵਾਲੇ ਬਣੇ ਹੋਏ ਹਨ। ਚੀਨ ਕੌਮਾਂਤਰੀ ਵਪਾਰ 'ਚ ਕਰੋਨਾ ਵਾਇਰਸ ਕਰਕੇ ਪੂਰੀ ਤਰ੍ਹਾਂ ਟੁੱਟ ਗਿਆ ਹੈ, ਵਿਦੇਸ਼ੀ ਵਪਾਰਕ ਕੰਪਨੀਆਂ, ਉਦਯੋਗ ਚੀਨ 'ਚੋਂ ਖਿਸਕਾਏ ਜਾਣ ਦੀ ਵਿਉਂਤਬੰਦੀ ਹੋ ਰਹੀ ਹੈ। ਵੱਡੀ ਪੱਧਰ 'ਤੇ ਰੁਜ਼ਗਾਰ ਚੀਨ 'ਚੋਂ ਵੀ ਖੁੱਸਦਾ ਜਾ ਰਿਹਾ ਹੈ, ਜਿਸ ਆਰਥਕ ਭਵਿੱਖ ਨੂੰ ਲੈ ਕੇ ਪੂਰਾ ਵਿਸ਼ਵ ਫਿਕਰ 'ਚ ਸੁੰਗੜਦਾ ਜਾ ਰਿਹਾ ਹੈ, ਚੀਨ ਵੀ ਉਸ ਦੀ ਲਪੇਟ ਵਿਚ ਆਵੇਗਾ। ਬਿਨਾ ਓਵਰਟਾਈਮ ਦਿੱਤੇ 12-12 ਘੰਟੇ ਕੰਮ ਕਰਨ ਦੀ ਧੱਕੇਸ਼ਾਹੀ ਮੂੰਹੋਂ ਬੋਲਣ ਲੱਗੀ ਹੈ ਤੇ 140 ਕਰੋੜ ਦੇ ਕਰੀਬ ਚੀਨੀ ਲੋਕਾਂ ਦਾ ਧਿਆਨ ਮੂੰਹ ਘੁਮਾਉਣ ਦੀ ਜਿੰਨ ਪਿੰਗ ਦੀ ਕੋਸ਼ਿਸ਼ ਭਾਰਤ ਨਾਲ ਤਾਂ ਕੀ, ਅਮਰੀਕਾ ਨਾਲ ਵੀ ਖੜਕਾ-ਦੜਕਾ ਕਰ ਸਕਦੀ ਹੈ।

# ਦਹੇਜ ਦੇਣਾ ਤੇ ਲੈਣਾ ਲਾਹਨਤ ਹੈ ਜਾਂ ਅੱਛੀ ਰਵਾਇਤ

ਵਿਆਹ ਦੇ ਪਵਿੱਤਰ ਦਸਤੂਰ ਨੂੰ ਨਿਭਾਉਣ ਸਮੇਂ ਦੱਸ ਬਾਰਾਂ ਸਗੁਨ ਕੀਤੇ ਜਾਂਦੇ ਹਨ ਆਉਣ ਵਾਲੇ ਸਮੇਂ ਦੀਆਂ ਆਫ਼ਤਾਂ ਤੋਂ ਸੁਰੱਖਿਆ ਵਜੋਂ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਦੇ ਨਾਲ ਲਾੜੈ ਲਾੜੀ ਦੇ ਸ਼ੁਭ ਭਵਿੱਖ ਦੀਆ ਦੁਆਵਾਂ ਮੰਗੀਆ ਜਾਂਦੀਆ ਹਨ ਇਹਨਾਂ ਸ਼ਗੁਨਾ ਨੂੰ ਨਿਭਾਉਣ ਵੇਲੇ ਦੇਵਤਿਆ ਨੂੰ ਤੋਹਫ਼ਿਆ ਨਾਲ ਨਿਵਾਜਣ ਦੇ ਨਾਲ ਨਾਲ ਬੰਧੇ ਜਾ ਰਹੇ ਜੋੜੇ ਨੂੰ ਵੀ ਤੋਹਫੈ ਤਹਾਇਫ਼ ਇਨਾਇਤ ਕੀਤੇ ਜਾਂਦੇ ਹਨ ।ਇਹ ਨਕਦੀ ਦੇ ਰੂਪ ਵਿੱਚ ਵੀ ਹੋ ਸਕਦੇ ਹਨ ਤੇ ਜਰ ਜਮੀਂ ਦੇ ਰੂਪ ਵਿੱਚ ਵੀ।
ਮਾਨਤਾ ਇਹ ਵੀ ਸੀ ਕਿ' ਜੇ ਦਾਜ ਵਿਹੂਣੀ ਜਾਵੇਂਗੀ ਤਾਂ ਕਿਸੇ ਭਲੀ ਨਾਂ ਭਾਵੇਂਗੀ' ।ਕਿਉਂ ਜੋ ਇਸ ਕਿਰਤ/ਭਗਤੀ ਭਾਵਨਾ ਨੂੰ ਰਵਾਇਤ ਪਾਲ ਲਿਆ ਗਿਆ ਤੇ ਇਹ ਛੋਟੀਆ ਬਚਤਾਂ ਵਿੱਚ ਸਹਾਈ ਵੀ ਹੋਇਆ ।ਦਿਨੋ,ਮਹੀਨੇ ਵਰ੍ਹੇ ਦਾਜ ਵਿੱਚ ਦਿੱਤੇ ਜਾਣੇ ਤੋਹਫਿਆਂ ਦੀ ਤਿਆਰੀ ਕੀਤੀ ਜਾਂਦੀ ਸੀ । ਇਕ ਦਮ ਓਪਰੇ ਘਰ ਜਾ ਰਹੀ ਧੀ ਦੀਆਂ ਜਰੂਰੀ ਤੇ ਅਹਿਮ ਲੋੜਾਂ ਦੇ ਮੱਦੇ ਨਜ਼ਰ ਮਾਪੇ ਧੀਆ ਨੂੰ ਕੁਝ ਅਹਿਮ ਤੇ ਰੋਜ਼ ਦੀ ਵਰਤੋਂ ਵਾਲੀਆਂ ਚੀਜ਼ਾ ਦੇਂਦੇ ਹਨ ਤਾਂ ਕਿ ਨਵੈਂ ਜਨਮ ਵਰਗੇ ਇਸ ਨਵੇਂ ਘਰ ਵਿੱਚ ਧੀ ਨੂੰ ਕਿਸੇ ਤੋਂ ਕੁਝ ਮੰਗਣ ਦੀ ਤਕਲੀਫ਼ ਨਾਂ ਹੋਵੇ ।ਨਵੈਂ ਮਾਹੌਲ਼ ਤੋਂ ਅਣਜਾਣ ਤੇ ਇਕ ਝਿਜਕ ਵੀ ਤੇ ਹੁੰਦੀ ਹੈ ਰੋਜ਼ਾਨਾ ਦੀਆਂ ਮੁੱਖ ਲੋੜਾ ਦੀ ਪ੍ਰਤੀ ਪੂਰਤੀ ਲਈ ਦਿੱਤੇ ਗਏ ਤੋਹ਼ਫ਼ੇ ਜਾਂ ਜਰੂਰੀ ਆਈਟਮਾਂ ਨੂੰ ਦਾਜ ਦਾ ਨਾਮ ਦਿੱਤਾ ਗਿਆ, ਇਹ ਦਾਜ ਲਾਲਚ ਦੇ ਵੱਸ ਪੈ ਕੇ ਲਾਹਨਤ ਬਣ ਕੇ ਸਾਹਮਣੇ ਆ ਗਿਆ ਤੇ ਜਾਣਦੇ ਬੁੱਝਦੇ ਹੋਏ ਦੈਂਤ ਦਾ ਰੂਪ ਧਾਰ ਗਿਆ ।ਅਚਾਨਕ ਹੀ ਇਹ ਆਦਮ ਖੋਰ ਦੈਂਤ ਧੀਆਂ ਨੂੰ ਨਿਗਲਣ ਲਗਾ ਤੇ ਮਾਪਿਆਂ ਦੀ ਮੌਤ ਦਾ ਵਸੀਲ਼ਾ ਵੀ ਸਿੱਧ ਹੋਣ ਲਗਾ। ਕੰਨਿਆ ਪੂਜਣ ਲਾਂਬੇ ਕਰਕੇ ਕੰਨਿਆ ਭਰੂਣ ਹੱਤਿਆ ਦੀ ਗੀਤ ਆਮ ਹੋ ਗਈ ਤੇ ਹੱਦ ਪਾਰ ਕਰਦੀ ਹੋਈ ਫੇਸ਼ਨ ਦਾ ਰੂਪ ਹੋ ਨਿਬੜੀ ।ਇਥੇ ਵੀ ਹਤਿਆਰੇ ਦੀ ਸ਼ਨਾਖ਼ਤ ਦਹੇਜ ਵਜੋਂ ਹੋਈ ।ਜੋ ਕਿ ਖਾਨਾ ਪੂਰਤੀ ਹੈ, ਦਹੇਜ ਭਰੂਣ ਹੱਤਿਆ ਦਾ ਇਕ ਕਾਰਨ ਮਾਤਰ ਹੈ ਇਕੱਲਾ ਹਤਿਆਰਾ ਨਹੀਂ ਹੈ ਮੁਡਿਆ ਦੇ ਵਿਆਹ ਤਾਂ ਕੁੜੀਆ ਨਾਲ ਹੀ ਹੋ ਸਕਦੇ ਹਨ ਇਸ ਲਈ ਜੋੜ ਅਣਜੋੜ ਵਿਆਹ ਹੋਣ ਲਗੇ ਤੇ ਤੋਹਫ਼ੇ ਰੂਪੀ ਦਾਜ ਬੰਦਸ਼ੀ ਰਿਵਾਜ ਬਣ ਗਿਆ। ਉਪਰੋਕਤ ਦਰਸਾਏ ਅਨੁਸਾਰ ਦਾਜ ਰੋਜਾਨਾ ਵਰਤੋ ਦੀਆਂ ਚੀਜ਼ਾਂ ਤੱਕ ਦੇਣਾ ਅੱਛੀ ਰਵਾਇਤ ਸੀ, ਤੇ ਹੈ,ਪਰ ਲੜਕੇ ਵਾਲਿਆਂ ਵਲੋਂ ਰਾਤੋ ਰਾਤ ਅਮੀਰ ਹੋ ਜਾਣ ਦੀ ਲਾਲਸਾ ਵਿੱਚ ਲਾਹਨਤ ਹੋ ਨਿਬੜਿਆ ਹੈ ।ਨੌਬਤ ਇਥੋਂ ਤੱਕ ਆ ਚੁੱਕੀ ਹੈ ਕਿ ਲੜਕੇ ਵਾਲੈ ਪਾਸੇ ਤੋਂ ਬਿਨਾ ਝਿਜਕ ਨਕਦੀ ਅਤੇ ਕਾਰ ਕੋਠੀ ਜੈਸੀ ਮੰਗਾਂ ਦਾਜ ਵਜੋਂ ਰੱਖੀਆਂ ਜਾਂਦੀਆਂ ਹਨ ,ਜਿਸਨੂੰ ਸਗਨ ਦਾ ਨਾਮ ਦਿੱਤਾ ਗਿਆ ਹੈ।

# ਮੋਦੀ ਮਹਾਨ ਤੇ ਸਿਆਣੇ ਆਗੂ: ਟਰੰਪ



ਵਾਸ਼ਿੰਗਟਨ, 20 ਜੂਨ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਟਰੰਪ ਨੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਖੁੱਲ੍ਹ ਕੇ ਤਾਰੀਫ਼ ਕਰਦਿਆਂ ਉਨ੍ਹਾਂ ਨੂੰ ਇੱਕ ਮਹਾਨ ਆਗੂ ਕਰਾਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਮੋਦੀ ਜੰਗਾਂ ਤੋਂ ਦੂਰ ਰਹਿੰਦੇ ਹਨ ਅਤੇ ਇਹ ਇੱਕ ਸਮਝਦਾਰ ਆਗੂ ਦੀ ਨਿਸ਼ਾਨੀ ਹੈ। ਅਮਰੀਕੀ ਮੀਡੀਆ ਸੰਸਥਾ ਐਕਸੀਓਸਨੂੰ ਦਿੱਤੇ ਇੱਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ, ਮੋਦੀ ਬਹੁਤ ਵਧੀਆ ਹਨ। ਉਹ ਜੰਗਾਂ ਤੋਂ ਦੂਰ ਰਹਿੰਦੇ ਹਨ, ਜੋ ਕਿ ਇੱਕ ਸਿਆਣੀ ਗੱਲ ਹੈ। ਭਾਰਤ ਦੀ ਆਬਾਦੀ ਕਰੀਬ 1.5 ਅਰਬ ਹੈ ਅਤੇ ਅਸਲ ਵਿੱਚ ਇਹ ਦੁਨੀਆ ਦਾ ਸਭ ਤੋਂ ਵੱਡਾ ਦੇਸ਼ ਹੈ। ਮੋਦੀ ਇੱਕ ਮਹਾਨ ਆਗੂ ਹਨ ਅਤੇ ਅਸੀਂ ਭਾਰਤ ਨਾਲ ਕਾਫ਼ੀ ਵਪਾਰ ਕਰਦੇ ਹਾਂ ਪਰ ਹੁਣ ਇਹ ਵਪਾਰ ਨਿਰਪੱਖ ਤਰੀਕੇ ਨਾਲ ਹੋ ਰਿਹਾ ਹੈ। ਟਰੰਪ ਨੇ ਅੱਗੇ ਕਿਹਾ ਕਿ ਪਹਿਲਾਂ ਭਾਰਤ ਵਪਾਰਕ ਸਮਝੌਤਿਆਂ ਵਿੱਚ ਅਮਰੀਕਾ ਨੂੰ ਕਾਫ਼ੀ ਨੁਕਸਾਨ ਪਹੁੰਚਾਉਂਦਾ ਸੀ। ਉਨ੍ਹਾਂ ਕਿਹਾ, ਮੈਂ ਇਸ ਲਈ ਭਾਰਤ ਨੂੰ ਦੋਸ਼ ਨਹੀਂ ਦਿੰਦਾ। ਇਸ ਲਈ ਸਾਡੇ ਸਿਆਸਤਦਾਨ ਜ਼ਿੰਮੇਵਾਰ ਸਨ, ਜਿਨ੍ਹਾਂ ਨੇ ਅਜਿਹਾ ਹੋਣ ਦਿੱਤਾ।ਉਨ੍ਹਾਂ ਕਿਹਾ ਕਿ ਹੁਣ ਵੀ ਦੋਵੇਂ ਦੇਸ਼ਾਂ ਵਿਚਾਲੇ ਵੱਡੇ ਪੱਧਰ 'ਤੇ ਵਪਾਰ ਹੋ ਰਿਹਾ ਹੈ, ਹਾਲਾਂਕਿ ਭਾਰਤ ਸ਼ਾਇਦ ਮੌਜੂਦਾ ਹਾਲਾਤ ਤੋਂ ਇੰਨਾ ਖੁਸ਼ ਨਹੀਂ ਹੈ, ਕਿਉਂਕਿ ਪਹਿਲਾਂ ਉਸ ਨੂੰ ਵੱਧ ਫਾਇਦਾ ਹੁੰਦਾ ਸੀ। ਇਸ ਦੇ ਬਾਵਜੂਦ ਟਰੰਪ ਨੇ ਦੁਹਰਾਇਆ ਕਿ ਮੋਦੀ ਬਹੁਤ ਵਧੀਆ ਨੇਤਾ ਹਨ।

ਜ਼ਿਕਰਯੋਗ ਹੈ ਕਿ ਟਰੰਪ ਅਤੇ ਮੋਦੀ ਨੇ ਹਾਲ ਹੀ ਵਿੱਚ ਫਰਾਂਸ ਵਿੱਚ ਹੋਏ ਜੀ7 ਸੰਮੇਲਨ ਦੌਰਾਨ ਮੁਲਾਕਾਤ ਕੀਤੀ ਸੀ। ਦੋਵੇਂ ਨੇਤਾਵਾਂ ਦੀ ਇਹ ਮੁਲਾਕਾਤ ਪਿਛਲੇ ਇੱਕ ਸਾਲ ਤੋਂ ਕੁਝ ਮੁੱਦਿਆਂ 'ਤੇ ਤਣਾਅਪੂਰਨ ਰਹੇ ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਜੋਂ ਦੇਖੀ ਜਾ ਰਹੀ ਹੈ।

# ਕੈਨੇਡਾ 'ਚ ਇਕਦਮ ਡਿੱਗੀਆਂ ਘਰਾਂ ਦੀਆਂ ਕੀਮਤਾਂ, ਡੁੱਬਿਆਂ ਪੰਜਾਬੀਆਂ ਦਾ ਨਿਵੇਸ਼



ਟੋਰਾਂਟੋ , 20 ਜੂਨ (ਪ੍ਰਤੀਨਿਧੀ) : ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ ਵਿਚ ਚੱਲ ਰਹੀ ਮੰਦੀ ਨੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਅਤੇ ਉੱਥੇ ਨਿਵੇਸ਼ ਕਰਨ ਵਾਲੇ ਘਰਾਂ ਦੇ ਮਾਲਕਾਂ ਲਈ ਚਿੰਤਾਵਾਂ ਵਧਾ ਦਿਤੀਆਂ ਹਨ। ਟੋਰਾਂਟੋ, ਬਰੈਂਪਟਨ, ਮਿਸੀਸਾਗਾ, ਸਰੀ ਅਤੇ ਵੈਨਕੂਵਰ ਵਰਗੇ ਪੰਜਾਬੀਆਂ ਦੀ ਵੱਡੀ ਆਬਾਦੀ ਵਾਲੇ ਖੇਤਰਾਂ ਵਿਚ ਘਰਾਂ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਗਿਰਾਵਟ ਆਈ ਹੈ।

ਇਸ ਦੌਰਾਨ ਕਿਰਾਏਦਾਰਾਂ ਦੀ ਘਾਟ ਅਤੇ ਵਧਦੀਆਂ ਮੌਰਗੇਜ ਦਰਾਂ ਨੇ ਨਿਵੇਸ਼ਕਾਂ ਨੂੰ ਦੋਹਰੇ ਦਬਾਅ ਹੇਠ ਕਰ ਦਿਤਾ ਹੈ। ਇਕ ਰੀਅਲ ਅਸਟੇਟ ਕਾਰੋਬਾਰੀ ਮੁਤਾਬਕ ਕੋਵਿਡ-19 ਮਹਾਮਾਰੀ ਦੌਰਾਨ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਕੈਨੇਡਾ ਵਿਚ ਨਿਵੇਸ਼ ਦੇ ਉਦੇਸ਼ਾਂ ਲਈ ਘਰ ਖ਼ਰੀਦੇ। ਉਸ ਸਮੇਂ ਜਿਨ੍ਹਾਂ ਘਰਾਂ ਦੀ ਕੀਮਤ 12 ਤੋਂ 16 ਲੱਖ ਕੈਨੇਡੀਅਨ ਡਾਲਰ ਸੀ ਅਤੇ ਹੁਣ ਕਈ ਖੇਤਰਾਂ ਵਿਚ ਕੀਮਤ ਘਟ ਕੇ 700,000 ਤੋਂ 900,000 ਕੈਨੇਡੀਅਨ ਡਾਲਰ ਰਹਿ ਗਈ ਹੈ। ਭਾਰਤੀ ਮੁਦਰਾ ਵਿਚ ਇਹ ਮੁੱਲ ਲਗਭਗ 4.3 ਕਰੋੜ ਤੋਂ 5.5 ਕਰੋੜ ਤਕ ਬਣਦਾ ਹੈ।

ਇਸ ਤਰ੍ਹਾਂ ਬਹੁਤ ਸਾਰੇ ਨਿਵੇਸ਼ਕਾਂ ਨੂੰ ਪ੍ਰਤੀ ਜਾਇਦਾਦ 3 ਕਰੋੜ ਤੋਂ 4.5 ਕਰੋੜ ਤਕ ਦਾ ਨੁਕਸਾਨ ਹੋਇਆ ਹੈ। ਰੀਅਲ ਅਸਟੇਟ ਕਾਰੋਬਾਰੀ ਨੇ ਦੱਸਿਆ ਕਿ ਜ਼ਿਆਦਾਤਰ ਲੋਕਾਂ ਨੇ ਇਹ ਸੋਚ ਕੇ ਨਿਵੇਸ਼ ਕੀਤਾ ਸੀ ਕਿ ਉਹ ਕਿਰਾਏ ਦੀ ਆਮਦਨੀ ਨਾਲ ਆਸਾਨੀ ਨਾਲ ਮੌਰਗੇਜ ਦੀਆਂ ਕਿਸ਼ਤਾਂ ਨੂੰ ਪੂਰਾ ਕਰ ਦੇਣਗੇ ਪਰ ਹਾਲਾਤ ਬਦਲ ਗਏ। ਬਹੁਤ ਸਾਰੇ ਮਕਾਨ ਮਾਲਕਾਂ ਨੂੰ ਬੈਂਕ ਦੀਆਂ ਕਿਸਤਾਂ ਅਪਣੀ ਜੇਬ ਤੋਂ ਭਰਨੀਆਂ ਪੈ ਰਹੀਆਂ ਹਨ ਜਦਕਿ ਜਾਇਦਾਦ ਦਾ ਬਾਜ਼ਾਰ ਮੁੱਲ ਲਗਾਤਾਰ ਘੱਟ ਰਿਹਾ ਹੈ। ਕੈਨੇਡੀਅਨ ਸਰਕਾਰ ਵਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਸੀਮਤ ਕਰਨ ਤੋਂ ਬਾਅਦ ਕਿਰਾਏ ਦੇ ਘਰਾਂ ਦੀ ਮੰਗ ਵਿਚ ਗਿਰਾਵਟ ਆਈ ਹੈ।

ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵਿਚ ਗਿਰਾਵਟ ਕਾਰਨ ਬਰੈਂਪਟਨ, ਸਰੀ ਅਤੇ ਟੋਰਾਂਟੋ ਵਰਗੇ ਖੇਤਰਾਂ ਵਿਚ ਬੇਸਮੈਂਟ ਅਤੇ ਸਾਂਝੇ ਕਮਰੇ ਖ਼ਾਲੀ ਪਏ ਹਨ। ਪਿਛਲੇ ਡੇਢ ਸਾਲ ਤੋਂ ਕਿਰਾਏ ਲਗਾਤਾਰ ਘਟ ਰਹੇ ਹਨ, ਜਿਸ ਨਾਲ ਮਕਾਨ ਮਾਲਕਾਂ ਦੀ ਆਮਦਨ ਪ੍ਰਭਾਵਿਤ ਹੋ ਰਹੀ ਹੈ। ਸੰਕਟ ਦਾ ਇਕ ਹੋਰ ਵੱਡਾ ਕਾਰਕ ਮੌਰਗੇਜ ਦਰਾਂ ਵਿੱਚ ਵਾਧਾ ਹੈ। ਜਿਨ੍ਹਾਂ ਲੋਕਾਂ ਨੇ 2020 ਅਤੇ 2021 ਵਿਚ ਦੋ ਪ੍ਰਤੀਸ਼ਤ ਤੋਂ ਘੱਟ ਵਿਆਜ ਦਰਾਂ 'ਤੇ ਮੌਰਗੇਜ ਲਏ ਸਨ, ਉਨ੍ਹਾਂ ਨੂੰ ਹੁਣ ਬਹੁਤ ਜ਼ਿਆਦਾ ਦਰਾਂ 'ਤੇ ਅਪਣੇ ਕਰਜ਼ਿਆਂ ਦਾ ਨਵੀਨੀਕਰਨ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਦੇ ਨਤੀਜੇ ਵਜੋਂ ਮਾਸਿਕ ਕਿਸ਼ਤਾਂ ਵਿਚ ਹਜ਼ਾਰਾਂ ਡਾਲਰ ਦਾ ਵਾਧਾ ਹੋਇਆ ਹੈ। ਬਹੁਤ ਸਾਰੇ ਮਾਮਲਿਆਂ ਵਿਚ ਕਿਰਾਏ ਦੀ ਆਮਦਨ ਮੌਰਗੇਜ, ਜਾਇਦਾਦ ਟੈਕਸ, ਬੀਮਾ ਅਤੇ ਸਾਂਭ-ਸੰਭਾਲ ਦੇ ਖ਼ਰਚਿਆਂ ਨੂੰ ਵੀ ਪੂਰਾ ਨਹੀਂ ਕਰ ਰਹੀ ਹੈ।

**ਕੈਨੇਡਾ ਸਰਕਾਰ ਬਦਲੇਗੀ ਅਪਣੀ ਇਮੀਗ੍ਰੇਸ਼ਨ ਨੀਤੀ**

ਕੈਨੇਡਾ ਸਰਕਾਰ ਵਲੋਂ ਇਮੀਗ੍ਰੇਸ਼ਨ ਨਿਯਮਾਂ ਵਿਚ ਕੀਤੀ ਗਈ ਸਖ਼ਤੀ ਦਾ ਅਸਰ ਹੁਣ ਦੇਸ਼ ਦੀ ਆਬਾਦੀ 'ਤੇ ਸਪੱਸ਼ਟ ਦਿਖਾਈ ਦੇਣ ਲੱਗ ਪਿਆ ਹੈ। ਤਾਜ਼ਾ ਅੰਕੜਿਆਂ ਅਨੁਸਾਰ ਕੈਨੇਡਾ ਦੀ ਆਬਾਦੀ ਵਿਚ ਲਗਾਤਾਰ ਤੀਜੀ ਤਿਮਾਹੀ ਗਿਰਾਵਟ ਦਰਜ ਕੀਤੀ ਗਈ ਹੈ।

ਮਾਹਿਰਾਂ ਅਨੁਸਾਰ ਕੈਨੇਡਾ ਦੀ ਆਬਾਦੀ ਵਿਚ ਵਾਧਾ ਲੰਬੇ ਸਮੇਂ ਤੋਂ ਇਮੀਗ੍ਰੇਸ਼ਨ 'ਤੇ ਨਿਰਭਰ ਰਿਹਾ ਹੈ ਪਰ ਹੁਣ ਸਰਕਾਰ ਦੇ ਘੱਟ ਇਮੀਗ੍ਰੇਸ਼ਨ ਟੀਚਿਆਂ ਕਾਰਨ ਇਹ ਸੰਤੁਲਨ ਵਿਗੜ ਰਿਹਾ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਕਿਹਾ ਸੀ ਕਿ ਦੇਸ਼ ਵਿਚ ਤਕਨੀਕੀ ਮੰਦੀ, ਲਗਾਤਾਰ ਦੋ ਤਿਮਾਹੀਆਂ ਵਿਚ ਵਿਕਾਸ ਵਿਚ ਕਮੀ, ਅੰਸ਼ਕ ਤੌਰ 'ਤੇ ਡਿੱਗ ਰਹੇ ਇਮੀਗ੍ਰੇਸ਼ਨ ਕਾਰਨ ਹੋ ਸਕਦੀ ਹੈ।

'ਸਟੈਟਿਸਟਿਕਸ ਕੈਨੇਡਾ' ਦੇ ਅੰਕੜੇ ਦਸਦੇ ਹਨ ਕਿ ਸਾਲ 2026 ਦੀ ਪਹਿਲੀ ਤਿਮਾਹੀ ਵਿੱਚ ਦੇਸ਼ ਦੀ ਆਬਾਦੀ 0.1 ਫ਼ੀ ਸਦੀ ਘੱਟ ਕੇ 4.14 ਕਰੋੜ ਰਹਿ ਗਈ ਹੈ। ਇਸ ਤਿਮਾਹੀ ਦੌਰਾਨ ਆਬਾਦੀ ਵਿਚ ਲਗਭਗ 55,025 ਲੋਕਾਂ ਦੀ ਕਮੀ ਆਈ ਹੈ। ਜਨਵਰੀ ਤੋਂ ਅਪ੍ਰੈਲ 2026 ਦਰਮਿਆਨ ਨਵੇਂ ਸਥਾਈ ਨਿਵਾਸੀਆਂ ਦੀ ਗਿਣਤੀ ਵਿਚ 20.2 ਫ਼ੀ ਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਅਸਥਾਈ ਨਿਵਾਸੀਆਂ ਦੀ ਗਿਣਤੀ ਵਿਚ ਵੀ 1,17,879 ਦੀ ਵੱਡੀ ਕਮੀ ਆਈ ਹੈ। ਹਾਲਾਂਕਿ ਗਿਣਤੀ ਵਿਚ ਆਈ ਗਿਰਾਵਟ ਲਈ ਸਿਰਫ਼ ਫ਼ੈਰ-ਸਥਾਈ ਨਿਵਾਸੀ ਜ਼ਿੰਮੇਵਾਰ ਨਹੀਂ ਹਨ, ਇਸ ਸ਼੍ਰੇਣੀ ਜਿਸ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਅਸਥਾਈ ਕਰਮਚਾਰੀ ਵੀ ਸ਼ਾਮਲ ਹਨ।

ਇਮੀਗ੍ਰੇਸ਼ਨ ਵਿਭਾਗ ਨੇ ਸਾਲ 2026 ਲਈ ਇਮੀਗ੍ਰੇਸ਼ਨ ਕੋਟੇ ਵਿਚ ਕਾਫੀ ਕਟੌਤੀ ਕੀਤੀ ਹੈ। ਸਰਕਾਰ ਦਾ ਮੁੱਖ ਟੀਚਾ 2027 ਦੇ ਅੰਤ ਤਕ ਅਸਥਾਈ ਆਬਾਦੀ ਨੂੰ ਕੁੱਲ ਆਬਾਦੀ ਦੇ 5 ਫ਼ੀ ਸਦੀ ਤੋਂ ਹੇਠਾਂ ਲਿਆਉਣਾ ਹੈ। ਇਮੀਗ੍ਰੇਸ਼ਨ ਵਕੀਲ ਅਨੁਸਾਰ ਵਧਦੀ ਮਹਿੰਗਾਈ, ਰਹਿਣ-ਸਹਿਣ ਦੀ ਉੱਚ ਲਾਗਤ ਅਤੇ ਜਨਤਕ ਦਬਾਅ ਕਾਰਨ ਸਰਕਾਰ ਨੇ ਸਟੱਡੀ ਪਰਮਿਟ, ਵਰਕ ਪਰਮਿਟ ਅਤੇ ਫ਼ੈਮਲੀ ਕਲਾਸ ਇਮੀਗ੍ਰੇਸ਼ਨ 'ਤੇ ਸ਼ਿਕੰਜਾ ਕਸਿਆ ਹੈ।

# ਇਜ਼ਰਾਈਲੀ ਰਾਜਦੂਤ ਅਤੇ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਦਰਮਿਆਨ ਤਿੱਖੀ ਬਹਿਸ




ਵਾਸ਼ਿੰਗਟਨ, 20 ਜੂਨ (ਪ੍ਰਤੀਨਿਧੀ): ਸੰਯੁਕਤ ਰਾਸ਼ਟਰ ਵਿੱਚ ਉਸ ਸਮੇਂ ਕੂਟਨੀਤਕ ਮਰਿਆਦਾਵਾਂ ਟੁੱਟ ਗਈਆਂ ਜਦੋਂ ਇਜ਼ਰਾਈਲ ਦੇ ਰਾਜਦੂਤ ਅਤੇ ਸੰਘਰਸ਼ ਦੌਰਾਨ ਬੱਚਿਆਂ ਦੇ ਮੁੱਦਿਆਂ ਲਈ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਦੇ ਵਿਸ਼ੇਸ਼ ਪ੍ਰਤੀਨਿਧੀ ਇੱਕ ਜਨਤਕ ਸੁਣਵਾਈ ਦੌਰਾਨ ਜ਼ੋਰਦਾਰ ਬਹਿਸ ਵਿੱਚ ਉਲਝ ਗਏ।

ਨਿਊਯਾਰਕ ਵਿੱਚ 'ਇੰਟਰਨੈਸ਼ਨਲ ਡੇਅ ਫਾਰ ਦਾ ਐਲੀਮੀਨੇਸ਼ਨ ਆਫ਼ ਸੈਕਸੁਅਲ ਵਾਇਲੈਂਸ ਇਨ ਕੌਨਫਲਿਕਟ' (ਸੰਘਰਸ਼ਾਂ ਦੌਰਾਨ ਜਿਨਸੀ ਹਿੰਸਾ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ) ਨੂੰ ਮਨਾਉਣ ਲਈ ਆਯੋਜਿਤ ਇੱਕ ਮੀਟਿੰਗ ਵਿੱਚ, ਇਜ਼ਰਾਈਲੀ ਦੂਤ ਡੈਨੀ ਡੈਨਨ ਨੇ ਪ੍ਰਮਿਲਾ ਪੈਟਨ ਦੇ ਅਸਤੀਫੇ ਦੀ ਮੰਗ ਕੀਤੀ, ਜਿਨ੍ਹਾਂ ਨੇ ਇੱਕ ਅਜਿਹੀ ਰਿਪੋਰਟ ਤਿਆਰ ਕੀਤੀ ਸੀ ਜਿਸ ਵਿੱਚ ਇਜ਼ਰਾਈਲ ਨੂੰ ਪਹਿਲੀ ਵਾਰ ਅਜਿਹੇ ਕਥਿਤ ਦੁਰਵਿਵਹਾਰਾਂ ਲਈ ਬਲੈਕਲਿਸਟ ਕੀਤਾ ਗਿਆ ਹੈ ਅਤੇ ਉਨ੍ਹਾਂ 'ਤੇ ਪੱਖਪਾਤ ਦਾ ਦੋਸ਼ ਲਗਾਇਆ।

ਡੈਨਨ ਨੇ ਸੰਯੁਕਤ ਰਾਸ਼ਟਰ ਮੁਖੀ ਅੰਤੋਨੀਓ ਗੁਟੇਰੇਜ਼ ਦਾ ਜ਼ਿਕਰ ਕਰਦਿਆਂ ਕਿਹਾ, 'ਤੁਸੀਂ ਇਜ਼ਰਾਈਲ ਨੂੰ ਨਿਸ਼ਾਨਾ ਬਣਾਉਣ ਦੇ ਸਕੱਤਰ-ਜਨਰਲ ਦੇ ਜਨੂੰਨ ਅੱਗੇ ਝੁਕ ਗਏ ਹੋ।' ਸੰਯੁਕਤ ਰਾਸ਼ਟਰ ਦੀ ਇੱਕ ਹੋਰ ਅਧਿਕਾਰੀ ਵੈਨੇਸਾ ਫ੍ਰੇਜ਼ੀਅਰ, ਜੋ ਕਿ ਸੰਘਰਸ਼ਾਂ ਵਿੱਚ ਬੱਚਿਆਂ ਦੇ ਮਾਮਲਿਆਂ ਲਈ ਗੁਟੇਰੇਜ਼ ਦੀ ਪ੍ਰਤੀਨਿਧੀ ਹਨ ਅਤੇ ਇੱਕ ਵੱਖਰੀ ਰਿਪੋਰਟ ਦੀ ਸੰਕਲਨਕਰਤਾ ਹਨ ਜਿਸ ਵਿੱਚ ਇਜ਼ਰਾਈਲ ਨੂੰ ਬਲੈਕਲਿਸਟ ਕੀਤਾ ਗਿਆ ਹੈ, ਨੇ ਬਹਿਸ ਦੌਰਾਨ ਦਖਲ ਦਿੰਦਿਆਂ 'ਪੁਆਇੰਟ ਆਫ ਆਰਡਰ' 'ਤੇ ਜ਼ੋਰਦਾਰ ਆਵਾਜ਼ ਉਠਾਈ। ਉਨ੍ਹਾਂ ਨੇ ਮੰਗ ਕੀਤੀ ਕਿ ਡੈਨਨ 'ਨਿੱਜੀ ਹਮਲੇ' ਕਰਨ ਤੋਂ ਗੁਰੇਜ਼ ਕਰਨ ਅਤੇ ਕਿਹਾ ਕਿ ਉਨ੍ਹਾਂ ਕੋਲ 'ਪ੍ਰਮਾਣਿਤ ਸਬੂਤ' ਹਨ। ਡੈਨਨ ਨੇ ਕਿਹਾ ਕਿ ਫ੍ਰੇਜ਼ੀਅਰ ਨੂੰ ਚੁੱਪ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਅਸੀਂ ਇੱਕ ਮੈਂਬਰ ਰਾਜ ਹਾਂ, ਅਤੇ ਤੁਸੀਂ ਸੰਯੁਕਤ ਰਾਸ਼ਟਰ ਲਈ ਕੰਮ ਕਰਦੇ ਹੋ, ਅਤੇ ਤੁਸੀਂ ਹੁਣ ਚੁੱਪ ਰਹੋਗੇ। ਤੁਸੀਂ ਚੁੱਪ ਰਹੋਗੇ... ਤੁਸੀਂ ਅਤੇ ਤੁਹਾਡੀ ਸ਼ਰਮਨਾਕ ਰਿਪੋਰਟ।' ਮਾਲਟਾ ਦੀ ਸਾਬਕਾ ਸੰਯੁਕਤ ਰਾਸ਼ਟਰ ਰਾਜਦੂਤ ਫ੍ਰੇਜ਼ੀਅਰ ਨੇ ਇਸ ਹਫ਼ਤੇ ਗੁਟੇਰੇਜ਼ ਦੀ ਤਰਫੋਂ ਆਪਣੀ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਇਜ਼ਰਾਈਲੀ ਵਸਨੀਕ ਸਮੂਹਾਂ ਨੂੰ ਬੱਚਿਆਂ ਵਿਰੁੱਧ ਉਲੰਘਣਾਵਾਂ ਲਈ ਇੱਕ ਗਲੋਬਲ ਬਲੈਕਲਿਸਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ, ਕਿਉਂਕਿ ਸੰਯੁਕਤ ਰਾਸ਼ਟਰ ਮੁਖੀ ਨੇ ਫਲਸਤੀਨੀ ਬੱਚਿਆਂ ਵਿਰੁੱਧ ਉਲੰਘਣਾਵਾਂ ਵਿੱਚ 'ਹੈਰਾਨੀਜਨਕ' ਵਾਧੇ 'ਤੇ ਚਿੰਤਾ ਪ੍ਰਗਟ ਕੀਤੀ ਹੈ।

ਇਜ਼ਰਾਈਲ ਖੁਦ ਪਹਿਲਾਂ ਹੀ ਉਸ ਰਿਪੋਰਟ ਦੇ ਅਖੌਤੀ 'ਲਿਸਟ ਆਫ ਸ਼ੇਮ' (ਸ਼ਰਮਨਾਕ ਸੂਚੀ) ਅਨੈਕਸ ਵਿੱਚ ਕਥਿਤ ਉਲੰਘਣਾਵਾਂ ਲਈ ਸ਼ਾਮਲ ਹੈ। ਜਦੋਂ ਪਿਛਲੇ ਮਹੀਨੇ ਪੈਟਨ ਦੀ ਰਿਪੋਰਟ ਜਾਰੀ ਕੀਤੀ ਗਈ ਸੀ, ਤਾਂ ਡੈਨਨ ਨੇ ਇਸਨੂੰ 'ਇੱਕ ਨਵਾਂ ਨੀਵਾਂ ਪੱਧਰ' ਕਰਾਰ ਦਿੱਤਾ ਸੀ ਅਤੇ ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਨੇ ਗੁਟੇਰੇਜ਼ ਨਾਲ ਸਾਰੇ ਸਬੰਧ ਤੋੜਨ ਦੀ ਸਹੁੰ ਖਾਧੀ ਸੀ, ਜੋ 10 ਸਾਲਾਂ ਬਾਅਦ ਸਾਲ ਦੇ ਅੰਤ ਵਿੱਚ ਅਹੁਦਾ ਛੱਡ ਰਹੇ ਹਨ। ਦੋਵੇਂ ਰਿਪੋਰਟਾਂ ਵਿੱਚ ਇਜ਼ਰਾਈਲ ਦੇ ਕੱਟੜ ਦੁਸ਼ਮਣ ਹਮਾਸ ਨੂੰ ਵੀ ਬਲੈਕਲਿਸਟ ਕੀਤਾ ਗਿਆ ਹੈ।

# ਭਾਰਤ ਰਾਸ਼ਟਰਮੰਡਲ ਖੇਡਾਂ 'ਚ 125 ਐਥਲੀਟ ਭੇਜੇਗਾ



ਨਵੀਂ ਦਿੱਲੀ, 20 ਜੂਨ (ਪ੍ਰਤੀਨਿਧੀ) : ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੇ ਸੀ ਈ ਓ ਰਘੂਰਾਮ ਅਈਅਰ ਨੇ ਕਿਹਾ ਹੈ ਕਿ ਜੁਲਾਈ-ਅਗਸਤ ਵਿੱਚ ਹੋਣ ਵਾਲੀਆਂ ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦੇ 125 ਤੋਂ 130 ਐਥਲੀਟ ਹਿੱਸਾ ਲੈਣਗੇ, ਜੋ ਅੱਠ ਸਾਧਾਰਨ ਅਤੇ ਚਾਰ ਪੈਰਾ ਖੇਡਾਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਸਪੱਸ਼ਟ ਕੀਤਾ ਕਿ ਸੰਸਥਾ ਚੋਣ ਨਾਲ ਸਬੰਧਤ ਕਿਸੇ ਵੀ ਵਿਵਾਦ ਤੋਂ ਪੂਰੀ ਤਰ੍ਹਾਂ ਦੂਰ ਰਹੇਗੀ। 2026 ਰਾਸ਼ਟਰਮੰਡਲ ਖੇਡਾਂ ਜੋ ਕਿ 23 ਜੁਲਾਈ ਤੋਂ 2 ਅਗਸਤ ਤੱਕ ਹੋਣੀਆਂ ਹਨ, ਨੂੰ ਖ਼ਰਚੇ ਘਟਾਉਣ ਦੇ ਮਕਸਦ ਨਾਲ ਛੋਟਾ ਕੀਤਾ ਗਿਆ ਹੈ ਅਤੇ ਇਸ ਵਾਰ ਸਿਰਫ 10 ਸਾਧਾਰਨ ਅਤੇ 6 ਪੈਰਾ ਖੇਡਾਂ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਆਸਟਰੇਲਿਆਈ ਰਾਜ ਵਿਕਟੋਰੀਆ ਵੱਲੋਂ ਵਧਦੇ ਖ਼ਰਚਿਆਂ ਕਾਰਨ ਪਿੱਛੇ ਹਟਣ ਤੋਂ ਬਾਅਦ ਗਲਾਸਗੋ ਨੇ ਕਾਮਨਵੈਲਥ ਖੇਡਾਂ ਦੇ ਮੇਜ਼ਬਾਨ ਸ਼ਹਿਰ ਵਜੋਂ ਜ਼ਿੰਮੇਵਾਰੀ ਲਈ ਹੈ।

# ਦੋ ਰੇਲ ਗੱਡੀਆਂ ਦੀ ਟੱਕਰ; 50 ਤੋਂ ਵੱਧ ਜ਼ਖ਼ਮੀ

## ਬੈੱਡਫੋਰਡ ਨੇੜੇ ਵਾਪਰਿਆ ਹਾਦਸਾ; ਐਮਰਜੈਂਸੀ ਸੇਵਾਵਾਂ ਮੌਕੇ 'ਤੇ ਪਹੁੰਚੀਆਂ; ਰੇਲ ਸੇਵਾਵਾਂ ਪ੍ਰਭਾਵਿਤ,



ਲੰਡਨ , 20 ਜੂਨ (ਪ੍ਰਤੀਨਿਧੀ) : ਇੰਗਲੈਂਡ ਦੀ ਰਾਜਧਾਨੀ ਲੰਡਨ ਤੋਂ ਕਰੀਬ 60 ਮੀਲ ਉੱਤਰ ਵੱਲ ਸਥਿਤ ਬੈੱਡਫੋਰਡ ਨੇੜੇ ਸ਼ੁੱਕਰਵਾਰ ਸ਼ਾਮ ਦੋ ਯਾਤਰੀ ਰੇਲ ਗੱਡੀਆਂ ਦੀ ਟੱਕਰ ਹੋ ਗਈ, ਜਿਸ ਵਿੱਚ ਕਈ ਦਰਜਨ ਲੋਕਾਂ ਦੇ ਜ਼ਖ਼ਮੀ ਹੋਣ ਦੀਆਂ ਖ਼ਬਰਾਂ ਹਨ। ਹਾਦਸੇ ਤੋਂ ਬਾਅਦ ਬ੍ਰਿਟਿਸ਼ ਟਰਾਂਸਪੋਰਟ ਪੁਲੀਸ, ਫਾਇਰ ਬ੍ਰਿਗੇਡ, ਐਂਬੂਲੈਂਸ ਸੇਵਾਵਾਂ ਅਤੇ ਏਅਰ ਐਂਬੂਲੈਂਸਾਂ ਨੂੰ ਤੁਰੰਤ ਮੌਕੇ 'ਤੇ ਭੇਜਿਆ ਗਿਆ।

ਰਿਪੋਰਟਾਂ ਮੁਤਾਬਕ ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਸ਼ਾਮ ਕਰੀਬ 6:45 ਵਜੇ ਤੇ ਭਾਰਤੀ ਸਮੇਂ ਅਨੁਸਾਰ 19 ਜੂਨ ਨੂੰ ਰਾਤ 11.55 ਦੇ ਕਰੀਬ ਵਾਪਰਿਆ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਵਿੱਚ ਇੱਕਲੂਟਨ ਏਅਰਪੋਰਟ ਐਕਸਪ੍ਰੈਸ ਟਰੇਨ ਨੂੰ ਨੁਕਸਾਨ ਪਹੁੰਚਿਆ ਹੋਇਆ ਦਿਖਾਈ ਦੇ ਰਿਹਾ ਹੈ, ਜਦਕਿ ਯਾਤਰੀਆਂ ਨੂੰ ਪਟੜੀਆਂ ਦੇ ਨੇੜੇ ਸੁਰੱਖਿਅਤ ਥਾਵਾਂ ਵੱਲ ਲਿਜਾਂਦੇ ਦਿਖਾਇਆ ਗਿਆ ਹੈ।

ਕੁਝ ਬ੍ਰਿਟਿਸ਼ ਮੀਡੀਆ ਰਿਪੋਰਟਾਂ ਅਨੁਸਾਰ ਹਾਦਸੇ ਵਿੱਚ 50 ਤੋਂ ਵੱਧ ਲੋਕ ਜ਼ਖ਼ਮੀ ਹੋ ਸਕਦੇ ਹਨ। ਬੈੱਡਫੋਰਡ ਹਸਪਤਾਲ ਨੇ ਐਮਰਜੈਂਸੀ ਪ੍ਰੋਟੋਕੋਲ ਲਾਗੂ ਕਰਦੇ ਹੋਏ ਵਾਧੂ ਸਟਾਫ਼ ਨੂੰ ਡਿਊਟੀ 'ਤੇ ਬੁਲਾਇਆ ਹੈ। ਹਾਲਾਂਕਿ ਅਧਿਕਾਰੀਆਂ ਵੱਲੋਂ ਹਾਲੇ ਤੱਕ ਜ਼ਖ਼ਮੀਆਂ ਜਾਂ ਮੌਤਾਂ ਦੀ ਕੋਈ ਅਧਿਕਾਰਕ ਗਿਣਤੀ ਜਾਰੀ ਨਹੀਂ ਕੀਤੀ ਗਈ।

ਸ਼ੁਰੂਆਤੀ ਜਾਣਕਾਰੀ ਅਨੁਸਾਰ ਦੋਵੇਂ ਰੇਲ ਗੱਡੀਆਂ ਈਸਟ ਮਿਡਲੈਂਡਜ਼ ਰੇਲਵੇ ਦੀਆਂ ਸਨ ਅਤੇ ਟੱਕਰ ਬੈੱਡਫੋਰਡ ਦੇ ਨੇੜੇ ਹੋਈ। ਕੁਝ ਚਸ਼ਮਦੀਦਾਂ ਨੇ ਦੱਸਿਆ ਕਿ ਇੱਕ ਟਰੇਨ ਨੇ ਅੱਗੇ ਖੜ੍ਹੀ ਜਾਂ ਹੌਲੀ ਚੱਲ ਰਹੀ ਟਰੇਨ ਦੇ ਪਿਛਲੇ ਹਿੱਸੇ ਨੂੰ ਟੱਕਰ ਮਾਰੀ, ਜਿਸ ਕਾਰਨ ਕਈ ਡੱਬਿਆਂ ਨੂੰ ਨੁਕਸਾਨ ਪਹੁੰਚਿਆ। ਹਾਲਾਂਕਿ ਇਸ ਬਾਰੇ ਅਜੇ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ।

ਹਾਦਸੇ ਤੋਂ ਬਾਅਦ ਲੰਡਨ ਸੇਂਟ ਪੈਨਕ੍ਰਾਸ ਅਤੇ ਲੈਸਟਰ ਦਰਮਿਆਨ ਰੇਲ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਯਾਤਰੀਆਂ ਨੂੰ ਯਾਤਰਾ ਟਾਲਣ ਜਾਂ ਬਦਲਵੇਂ ਰੂਟਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਗਈ ਹੈ।

ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਬ੍ਰਿਟਿਸ਼ ਟਰਾਂਸਪੋਰਟ ਪੁਲੀਸ ਨੇ ਕਿਹਾ ਹੈ ਕਿ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ।

# ਉੱਤਰ-ਪੱਛਮੀ ਪਾਕਿ ਵਿੱਚ 2 ਧਮਾਕਿਆਂ 'ਚ 7 ਦੀ ਮੌਤ, ਤਿੰਨ ਜ਼ਖ਼ਮੀ



ਪੇਸ਼ਾਵਰ, 20 ਜੂਨ (ਪ੍ਰਤੀਨਿਧੀ) : ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਵਿੱਚ ਸ਼ਨੀਵਾਰ ਨੂੰ ਸੜਕ ਕਿਨਾਰੇ ਹੋਏ ਦੋ ਧਮਾਕਿਆਂ ਵਿੱਚ ਘੱਟੋ-ਘੱਟ ਸੱਤ ਲੋਕ ਮਾਰੇ ਗਏ ਅਤੇ ਤਿੰਨ ਹੋਰ ਜ਼ਖਮੀ ਹੋ ਗਏ, ਪੁਲਿਸ ਨੇ ਕਿਹਾ।ਪੁਲਿਸ ਨੇ ਕਿਹਾ ਕਿ ਅਜੇ ਤੱਕ ਕਿਸੇ ਵੀ ਸਮੂਹ ਨੇ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਇਹ ਧਮਾਕੇ ਬੰਨੂ ਜ਼ਿਲ੍ਹੇ ਦੇ ਮਾਰਕਾ ਬੇਰਾ ਖੇਤਰ ਵਿੱਚ ਹੋਏ।

ਬੰਨੂ ਜ਼ਿਲ੍ਹਾ ਪੁਲਿਸ ਅਧਿਕਾਰੀ ਯਾਸੀਰ ਅਫਰੀਦੀ ਦੇ ਅਨੁਸਾਰ, ਪਹਿਲਾ ਧਮਾਕਾ ਸੜਕ ਕਿਨਾਰੇ ਲਗਾਏ ਗਏ ਇੱਕ ਆਈਈਡੀ ਕਾਰਨ ਹੋਇਆ ਅਤੇ ਇੱਕ ਯਾਤਰੀ ਵੈਨ ਵਿੱਚ ਸਵਾਰ ਪੰਜ ਲੋਕਾਂ ਦੀ ਮੌਤ ਹੋ ਗਈ ਜੋ ਇਸ ਨਾਲ ਟਕਰਾ ਗਈ।

ਉਨ੍ਹਾਂ ਕਿਹਾ ਕਿ ਉਸੇ ਸਥਾਨ 'ਤੇ ਥੋੜ੍ਹੀ ਦੇਰ ਬਾਅਦ ਦੂਜਾ ਧਮਾਕਾ ਹੋਇਆ, ਜਿਸ ਨਾਲ ਬਚਾਅ ਕਾਰਜਾਂ ਵਿੱਚ ਲੱਗੇ ਲੋਕ ਜ਼ਖ਼ਮੀ ਹੋ ਗਏ।ਦੂਜੇ ਧਮਾਕੇ ਵਿੱਚ ਦੋ ਲੋਕ ਮਾਰੇ ਗਏ ਅਤੇ ਇੱਕ ਵਾਹਨ ਨੂੰ ਵੀ ਨੁਕਸਾਨ ਪਹੁੰਚਿਆ। ਅਧਿਕਾਰੀ ਨੇ ਕਿਹਾ ਕਿ ਜ਼ਖਮੀਆਂ ਅਤੇ ਲਾਸ਼ਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਹੈ ਅਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਅਧਿਕਾਰੀਆਂ ਨੇ ਕਿਹਾ ਕਿ ਯਾਤਰੀ ਵੈਨ ਹਾਥੀ ਖੇਲ ਪਿੰਡ ਤੋਂ ਬੰਨੂ ਸ਼ਹਿਰ ਜਾ ਰਹੀ ਸੀ ਜਦੋਂ ਇਹ ਧਮਾਕੇ ਦੀ ਲਪੇਟ ਵਿੱਚ ਆ ਗਈ।

ਸੁਰੱਖਿਆ ਬਲਾਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਧਮਾਕੇ ਵਾਲੀ ਥਾਂ ਤੋਂ ਸਬੂਤ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ।

ਖ਼ੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਪੁਲਿਸ ਅਧਿਕਾਰੀਆਂ ਨੂੰ ਇਸ ਮਾਮਲੇ 'ਤੇ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ।

*ਹੁਣ ਤੱਕ ਦਾ ਵੱਡਾ ਖ਼ੁਲਾਸਾ*

# ਚੀਨ ਦੀ ਜਿਸ ਲੈਬ ਵਿੱਚ ਬਣਿਆ ਸੀ ਕੋਰੋਨਾ ਵਾਇਰਸ, ਕੀ ਯੂਐਸ ਵਿਗਿਆਨੀ ਨੇ ਕੀਤੀ ਸੀ ਉਸ ਦੀ ਫੰਡਿੰਗ ?

## ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦੇਣ ਵਾਲੀ ਕੋਰੋਨਾ ਮਹਾਂਮਾਰੀ ਨੂੰ ਲੈ ਕੇ ਹੋਇਆ ਵੱਡਾ ਖ਼ੁਲਾਸਾ



ਵਾਸ਼ਿੰਗਟਨ, 20 ਜੂਨ (ਪ੍ਰਤੀਨਿਧੀ): ਤੁਲਸੀ ਗਬਾਰਡ ਨੇ ਕਿਹਾ ਕਿ ਜੋ ਬਾਈਡਨ ਦੇ ਅਧਿਕਾਰੀ ਨੇ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ ਬਾਰੇ ਖੁਫ਼ੀਆ ਮੁਲਾਂਕਣ ਨੂੰ ਪ੍ਰਭਾਵਿਤ ਕੀਤਾ ਅਤੇ ਬਾਅਦ ਵਿੱਚ ਸੰਸਦ ਦੇ ਸਾਹਮਣੇ ਕਸਮ ਖਾ ਕੇ ਅਜਿਹੇ ਸਬੰਧਾਂ ਨੂੰ ਖਾਰਜ ਕੀਤਾ ਸੀ। ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦੇਣ ਵਾਲੀ ਕੋਰੋਨਾ ਮਹਾਂਮਾਰੀ ਨੂੰ ਲੈ ਕੇ ਵੱਡਾ ਖ਼ੁਲਾਸਾ ਹੋਇਆ ਹੈ। ਕੁਝ ਦਿਨ ਪਹਿਲਾਂ ਅਮਰੀਕੀ ਖੁਫ਼ੀਆ ਵਿਭਾਗ ਦੇ ਨਿਰਦੇਸ਼ਕ ਦਾ ਅਹੁਦਾ ਛੱਡਣ ਦਾ ਐਲਾਨ ਕਰਨ ਵਾਲੀ ਤੁਲਸੀ ਗਬਾਰਡ ਨੇ ਕੋਰੋਨਾ ਵਾਇਰਸ ਨੂੰ ਲੈ ਕੇ ਵੱਡਾ ਖ਼ੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੂਰਵ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦੇ ਚੀਫ਼ ਮੈਡੀਕਲ ਐਡਵਾਈਜ਼ਰ ਐਂਥਨੀ ਫਾਉਚੀ ਨੇ ਚੀਨ ਸਥਿਤ ਵੂਹਾਨ ਦੀ ਉਸ ਲੈਬ ਨੂੰ ਫੰਡਿੰਗ ਕੀਤੀ ਸੀ, ਜਿੱਥੋਂ ਕੋਰੋਨਾ ਮਹਾਂਮਾਰੀ ਫੈਲੀ ਸੀ।

ਅਮਰੀਕਾ ਦੀ ਰਾਸ਼ਟਰੀ ਖ਼ੁਫ਼ੀਆ ਨਿਰਦੇਸ਼ਕ ਤੁਲਸੀ ਗਬਾਰਡ ਨੇ ਹਾਲ ਹੀ ਵਿੱਚ ਅਮਰੀਕਾ ਵੱਲੋਂ ਫੰਡ ਕੀਤੇ ਗਏ ਬਾਇਓਲੈਬਸ ਨਾਲ ਸਬੰਧਤ ਕਈ ਦਸਤਾਵੇਜ਼ਾਂ ਨੂੰ ਜਨਤਕ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਐਂਡ ਇੰਫੈਕਸ਼ੀਅਸ ਡਿਜ਼ੀਜ਼ਿਸ (NIAID) ਦੇ ਪੂਰਵ ਨਿਰਦੇਸ਼ਕ ਐਂਥਨੀ ਫਾਉਚੀ ਨੇ ਕੋਰੋਨਾ ਮਹਾਂਮਾਰੀ ਦੀ ਸ਼ੁਰੂਆਤ 'ਤੇ ਖੁਫ਼ੀਆ ਮੁਲਾਂਕਣ ਨੂੰ ਪ੍ਰਭਾਵਿਤ ਕੀਤਾ ਅਤੇ ਬਾਅਦ ਵਿੱਚ ਸੰਸਦ ਦੇ ਸਾਹਮਣੇ ਕਸਮ ਖਾ ਕੇ ਅਜਿਹੇ ਸਬੰਧਾਂ ਨੂੰ ਨਕਾਰ ਦਿੱਤਾ ਸੀ।

ਰਾਸ਼ਟਰੀ ਖ਼ੁਫ਼ੀਆ ਨਿਰਦੇਸ਼ਕ ਦੇ ਦਫ਼ਤਰ (ਓਡੀਐਨਆਈ ) ਨੇ ਇਸ ਦਸਤਾਵੇਜ਼ ਨੂੰ ਜਾਰੀ ਕੀਤਾ। ਗਬਾਰਡ ਦਾ ਇਹ ਕਦਮ ਟਰੰਪ ਪ੍ਰਸ਼ਾਸਨ ਦੇ ਉਸ ਯਤਨ ਵਿੱਚ ਇੱਕ ਵੱਡਾ ਕਦਮ ਹੈ, ਜਿਸ ਵਿੱਚ ਮਹਾਂਮਾਰੀ ਦੀ ਉਤਪੱਤੀ ਦੀ ਦੁਬਾਰਾ ਸਮੀਖਿਆ ਕਰਨ ਅਤੇ ਆਲਮੀ ਸਿਹਤ ਸੰਕਟ ਦੌਰਾਨ ਅਮਰੀਕੀ ਸਰਕਾਰੀ ਏਜੰਸੀਆਂ, ਵਿਗਿਆਨੀਆਂ ਅਤੇ ਖੁਫ਼ੀਆ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕਰਨ ਦੀ ਗੱਲ ਕਹੀ ਗਈ ਹੈ।

ਗਬਾਰਡ ਦੇ ਅਨੁਸਾਰ, ਨਵੇਂ ਜਾਰੀ ਕੀਤੇ ਗਏ ਗੱਲਬਾਤ ਅਤੇ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਵਾਇਰਸ ਕੁਦਰਤੀ ਤੌਰ 'ਤੇ ਨਿਕਲਿਆ ਜਾਂ ਚੀਨ ਦੇ ਵੂਹਾਨ ਦੀ ਲੈਬ ਵਿੱਚੋਂ, ਇਸ 'ਤੇ ਬਹਿਸ ਤੇਜ਼ ਹੋਈ ਤਾਂ ਕਿਵੇਂ ਫਾਉਚੀ ਨੇ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਐਂਡ ਇੰਫੈਕਸ਼ੀਅਸ ਡਿਜ਼ੀਜ਼ਿਸ (NIAID) ਦੇ ਨਿਰਦੇਸ਼ਕ ਵਜੋਂ ਕੰਮ ਕਰਦਿਆਂ ਖੁਫ਼ੀਆ ਅਧਿਕਾਰੀਆਂ ਨਾਲ ਗੱਲਬਾਤ ਕੀਤੀ।

**ਬਾਈਡਨ ਦੇ ਅਧਿਕਾਰੀ 'ਤੇ ਤੁਲਸੀ ਗਬਾਰਡ ਦਾ ਵੱਡਾ ਦੋਸ਼**

ਗਬਾਰਡ ਨੇ ਕਿਹਾ, 'ਕੋਵਿਡ-19 ਮਹਾਂਮਾਰੀ ਦੇ ਕਾਰਨ ਸਾਡੇ ਲੱਖਾਂ ਸਾਥੀ ਅਮਰੀਕੀਆਂ ਅਤੇ ਦੁਨੀਆ ਭਰ ਦੇ ਅਣਗਿਣਤ ਲੋਕਾਂ ਨੂੰ ਬਹੁਤ ਮੁਸ਼ਕਲ ਦੌਰ ਵਿੱਚੋਂ ਲੰਘਣਾ ਪਿਆ। ਸਾਲਾਂ ਦੇ ਝੂਠ, ਸੈਂਸਰਸ਼ਿਪ ਅਤੇ ਲੁਕਾਉਣ ਤੋਂ ਬਾਅਦ, ਅਮਰੀਕੀ ਲੋਕ ਪਾਰਦਰਸ਼ਤਾ, ਸੱਚਾਈ ਅਤੇ ਜਵਾਬਦੇਹੀ ਦੇ ਹੱਕਦਾਰ ਹਨ।' ਉਨ੍ਹਾਂ ਦੋਸ਼ ਲਾਇਆ ਕਿ ਡਾ. ਫਾਉਚੀ ਵਰਗੇ ਸਿਆਸੀ ਹਿੱਤਾਂ ਵਾਲੇ ਆਗੂਆਂ ਨੇ ਆਪਣੇ ਗਲਤ ਕੰਮਾਂ ਅਤੇ ਸੱਤਾ ਦੀ ਦੁਰਵਰਤੋਂ ਨੂੰ ਛੁਪਾਇਆ, ਖੁਫ਼ੀਆ ਜਾਣਕਾਰੀ ਵਿੱਚ ਹੇਰਾਫੇਰੀ ਕੀਤੀ, ਕਾਂਗਰਸ (ਸੰਸਦ) ਨਾਲ ਝੂਠ ਬੋਲਿਆ ਅਤੇ ਦੇਸ਼ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਜਾਣਕਾਰੀਆਂ ਤੱਕ ਚੁਣੇ ਹੋਏ ਰਾਸ਼ਟਰਪਤੀ ਦੀ ਪਹੁੰਚ ਨੂੰ ਸੀਮਤ ਕਰਕੇ ਉਨ੍ਹਾਂ ਦੇ ਅਕਸ ਨੂੰ ਕਮਜ਼ੋਰ ਕੀਤਾ।'

ਓਡੀਐਨਆਈ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਾਰਦਰਸ਼ਤਾ ਸਬੰਧੀ ਨਿਰਦੇਸ਼ਾਂ ਤਹਿਤ ਉਸਨੇ ਇੱਕ ਸਾਲ ਤੱਕ ਚੱਲੀ ਗੁਪਤ ਦਸਤਾਵੇਜ਼ਾਂ ਨੂੰ ਜਨਤਕ ਕਰਨ ਦੀ ਸਮੀਖਿਆ ਪ੍ਰਕਿਰਿਆ ਚਲਾਈ। ਇਸ ਦੌਰਾਨ ਬੇਨਿਯਮੀਆਂ ਦਾ ਖ਼ੁਲਾਸਾ ਕਰਨ ਵਾਲੇ ਅਧਿਕਾਰੀਆਂ ਦੀ ਗਵਾਹੀ ਵੀ ਇਕੱਠੀ ਕੀਤੀ ਗਈ। ਇਨ੍ਹਾਂ ਅਧਿਕਾਰੀਆਂ ਨੇ ਦੋਸ਼ ਲਾਇਆ ਕਿ ਵਾਇਰਸ ਦੀ ਉਤਪੱਤੀ ਬਾਰੇ ਅਧਿਕਾਰਤ ਮੁਲਾਂਕਣਾਂ 'ਤੇ ਸਵਾਲ ਉਠਾਉਣ ਕਾਰਨ ਉਨ੍ਹਾਂ ਵਿਰੁੱਧ ਬਦਲਾਖੋਰੀ ਦੀ ਕਾਰਵਾਈ ਕੀਤੀ ਗਈ।

ਓਡੀਐਨਆਈ ਨੇ ਦਾਅਵਾ ਕੀਤਾ ਕਿ ਫਾਉਚੀ ਦੇ ਖੁਫ਼ੀਆ ਅਧਿਕਾਰੀਆਂ ਨਾਲ ਚੰਗੇ ਸਬੰਧ ਸਨ, ਜਿਸ ਨਾਲ ਉਹ ਕੋਵਿਡ-19 ਦੀ ਸ਼ੁਰੂਆਤ ਬਾਰੇ ਚਰਚਾ ਵਿੱਚ ਅਹਿਮ ਭੂਮਿਕਾ ਨਿਭਾ ਸਕੇ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਫਾਉਚੀ ਨੇ ਖੁਫ਼ੀਆ ਏਜੰਸੀਆਂ ਨਾਲ ਸਲਾਹ-ਮਸ਼ਵਰਾ ਕਰਨ ਵਾਲੇ ਮਾਹਿਰਾਂ ਬਾਰੇ ਸੁਝਾਅ ਦਿੱਤੇ ਅਤੇ ਅਜਿਹੇ ਮੁਲਾਂਕਣ ਤਿਆਰ ਕਰਨ ਵਿੱਚ ਮਦਦ ਕੀਤੀ ਜਿਨ੍ਹਾਂ ਨੂੰ ਬਾਅਦ ਵਿੱਚ ਵਿਗਿਆਨਕ ਸਹਿਮਤੀ ਵਜੋਂ ਸਾਰਿਆਂ ਸਾਹਮਣੇ ਪੇਸ਼ ਕੀਤਾ ਗਿਆ।

**ਬਾਈਡਨ ਸਰਕਾਰ ਨੇ ਕੀਤੀ ਸੀ ਸਮੀਖਿਆ ਬੈਠਕ**

ਜੁਲਾਈ 2021 ਦੇ ਇੱਕ ਇੰਟੈਲੀਜੈਂਸ ਕਮਿਊਨਿਟੀ ਈਮੇਲ ਵਿੱਚ ਕਿਹਾ ਗਿਆ ਸੀ ਕਿ ਅਧਿਕਾਰੀ ਫਾਉਚੀ ਦੇ ਸੁਝਾਵਾਂ 'ਤੇ ਅੱਗੇ ਵਧਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਇੱਕ ਐਸਐਮਈਵਜੋਂ ਦੇਖਿਆ ਜਾਂਦਾ ਸੀ, ਜਿਸ ਕੋਲ ਮੌਜੂਦਾ ਅਤੇ ਇਤਿਹਾਸਕ ਖੋਜਾਂ ਬਾਰੇ ਬਹੁਤ ਜਾਣਕਾਰੀ ਹੈ ਅਤੇ ਜੋ ਸ਼ਾਇਦ ਜ਼ਿਆਦਾਤਰ ਲੋਕਾਂ ਨਾਲੋਂ ਬਿਹਤਰ ਜਾਣਦਾ ਹੈ ਕਿ ਅਸਲ ਕੋਰੋਨਾ ਵਾਇਰਸ ਮਾਹਿਰ ਕੌਣ ਹਨ।

ਤਤਕਾਲੀ ਬਾਈਡਨ ਸਰਕਾਰ ਨੇ ਕੋਵਿਡ-19 ਦੀ ਉਤਪੱਤੀ ਨੂੰ ਲੈ ਕੇ 90 ਦਿਨਾਂ ਦੀ ਸਮੀਖਿਆ ਬੈਠਕ ਕੀਤੀ ਸੀ। ਇਸ ਬਾਰੇ ਦਸਤਾਵੇਜ਼ ਵਿੱਚ ਦੱਸਿਆ ਗਿਆ ਹੈ ਕਿ 2021 ਵਿੱਚ ਖੁਫ਼ੀਆ ਅਧਿਕਾਰੀ 90 ਦਿਨਾਂ ਦੀ ਸਮੀਖਿਆ ਦੌਰਾਨ ਫਾਉਚੀ ਵੱਲੋਂ ਸਿਫ਼ਾਰਸ਼ ਕੀਤੇ ਗਏ ਵਿਗਿਆਨੀਆਂ ਤੱਕ ਪਹੁੰਚਣ ਬਾਰੇ ਚਰਚਾ ਕਰ ਰਹੇ ਸਨ। ਅੰਦਰੂਨੀ ਪੱਤਰ-ਵਿਹਾਰ ਵਿੱਚ ਉਨ੍ਹਾਂ ਨੂੰ ਇੱਕ ਵਿਸ਼ਾ ਮਾਹਿਰ ਦੱਸਿਆ ਗਿਆ ਸੀ, ਜਿਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਸਮੀਖਿਆ ਪ੍ਰਕਿਰਿਆ ਲਈ ਜ਼ਰੂਰੀ ਮੰਨਿਆ ਗਿਆ ਸੀ।

ਫਾਉਚੀ ਨੇ 2024 ਵਿੱਚ ਕੋਰੋਨਾ ਵਾਇਰਸ ਮਹਾਂਮਾਰੀ 'ਤੇ ਹਾਊਸ ਸਿਲੈਕਟ ਸਬ-ਕਮੇਟੀ ਦੇ ਸਾਹਮਣੇ ਆਪਣੀ ਗਵਾਹੀ ਵਿੱਚ ਵਾਇਰਲ ਖੋਜ ਬਾਰੇ ਖੁਫ਼ੀਆ ਏਜੰਸੀਆਂ ਨਾਲ ਗੱਲਬਾਤ ਦੀ ਜਾਣਕਾਰੀ ਤੋਂ ਇਨਕਾਰ ਕੀਤਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦਸਤਾਵੇਜ਼ਾਂ ਵਿੱਚ ਖੁਫ਼ੀਆ ਅਧਿਕਾਰੀਆਂ ਅਤੇ ਕੋਵਿਡ ਦੀ ਉਤਪੱਤੀ ਦੀ ਜਾਂਚ ਵਿਚਕਾਰ ਕਈ ਗੱਲਬਾਤਾਂ ਦਿਖਾਈ ਦਿੰਦੀਆਂ ਹਨ। ਉਸ ਸਮੇਂ ਕੁਝ ਸਰਕਾਰੀ ਸੰਚਾਰਾਂ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਸੀ ਕਿ ਵਾਇਰਸ ਨੂੰ ਲੈਬ ਵਿੱਚ ਬਣਾਇਆ ਗਿਆ ਸੀ, ਜਦੋਂ ਕਿ ਦੂਜਿਆਂ ਨੇ ਲੈਬਾਰਟਰੀ ਐਕਸੀਡੈਂਟ ਦੇ ਹਾਲਾਤਾਂ ਅਤੇ ਵੂਹਾਨ ਇੰਸਟੀਚਿਊਟ ਆਫ਼ ਵਾਇਰੋਲੋਜੀ ਦੀਆਂ ਸਮਰੱਥਾਵਾਂ ਦੀ ਜਾਂਚ ਕੀਤੀ ਸੀ।

**ਵੂਹਾਨ ਲੈਬ ਨੂੰ ਲੈ ਕੇ ਵੱਡਾ ਖ਼ੁਲਾਸਾ**

ਲਾਰੈਂਸ ਲਿਵਰਮੋਰ ਨੈਸ਼ਨਲ ਲੈਬਾਰਟਰੀ ਵੱਲੋਂ ਮਈ 2020 ਵਿੱਚ ਤਿਆਰ ਕੀਤੇ ਗਏ ਇੱਕ ਮੁਲਾਂਕਣ ਵਿੱਚ ਇਹ ਸਿੱਟਾ ਕੱਢਿਆ ਗਿਆ ਸੀ ਕਿ ਵੂਹਾਨ ਦੀ ਲੈਬਾਰਟਰੀ ਵਿੱਚ ਬਦਲੇ ਗਏ ਕੋਰੋਨਾ ਵਾਇਰਸ ਦੇ ਗਲਤੀ ਨਾਲ ਫੈਲਣ ਦੇ ਹਾਲਾਤ ਮੌਜੂਦ ਸਨ ਅਤੇ ਲੈਬਾਰਟਰੀ ਤੇ ਕੁਦਰਤੀ ਉਤਪੱਤੀ ਦੀਆਂ ਧਾਰਨਾਵਾਂ ਨੂੰ ਬਰਾਬਰ ਮਹੱਤਵ ਦਿੱਤਾ ਗਿਆ। ਓਡੀਐਨਆਈ ਦੀ ਰਿਲੀਜ਼ ਵਿੱਚ ਬੇਨਿਯਮੀਆਂ ਦਾ ਖ਼ੁਲਾਸਾ ਕਰਨ ਵਾਲੇ ਅਧਿਕਾਰੀਆਂ ਦੇ ਦੋਸ਼ ਵੀ ਸ਼ਾਮਲ ਹਨ ਕਿ ਜਿਨ੍ਹਾਂ ਖੁਫ਼ੀਆ ਵਿਸ਼ਲੇਸ਼ਕਾਂ ਨੇ ਲੈਬ-ਲੀਕ ਹਾਈਪੋਥੀਸਿਸ (ਧਾਰਨਾ) ਦਾ ਸਮਰਥਨ ਕੀਤਾ, ਉਨ੍ਹਾਂ ਨੂੰ ਪਰੇਸ਼ਾਨੀ ਝੱਲਣੀ ਪਈ, ਕਿਨਾਰੇ ਕਰ ਦਿੱਤਾ ਗਿਆ ਜਾਂ ਵੱਖਰੀ ਰਾਏ ਰੱਖਣ ਤੋਂ ਰੋਕਿਆ ਗਿਆ।

ਤੁਲਸੀ ਗਬਾਰਡ ਨੇ ਕਿਹਾ ਕਿ ਇਹਨਾਂ ਵਿੱਚੋਂ ਕਈ ਸ਼ਿਕਾਇਤਾਂ ਨੂੰ ਅਗਲੀ ਸਮੀਖਿਆ ਲਈ ਇੰਟੈਲੀਜੈਂਸ ਕਮਿਊਨਿਟੀ ਇੰਸਪੈਕਟਰ ਜਨਰਲ ਕੋਲ ਭੇਜ ਦਿੱਤਾ ਗਿਆ ਹੈ। ਕੋਵਿਡ-19 ਦੀ ਸ਼ੁਰੂਆਤ ਮਹਾਂਮਾਰੀ ਦੇ ਸਭ ਤੋਂ ਵਿਵਾਦਪੂਰਨ ਮੁੱਦਿਆਂ ਵਿੱਚੋਂ ਇੱਕ ਹੈ। ਅਮਰੀਕੀ ਖੁਫ਼ੀਆ ਏਜੰਸੀਆਂ ਲੰਬੇ ਸਮੇਂ ਤੋਂ ਇਸ 'ਤੇ ਵੰਡੀਆਂ ਹੋਈਆਂ ਹਨ; ਕੁਝ ਦਾ ਮੰਨਣਾ ਹੈ ਕਿ ਇਹ ਜਾਨਵਰਾਂ ਤੋਂ ਕੁਦਰਤੀ ਤੌਰ 'ਤੇ ਫੈਲਿਆ ਹੈ ਅਤੇ ਕੁਝ ਲੈਬ ਨਾਲ ਜੁੜੀ ਘਟਨਾ ਨੂੰ ਇਸਦੀ ਜ਼ਿਆਦਾ ਸੰਭਾਵਿਤ ਵਜ੍ਹਾ ਮੰਨਦੇ ਹਨ।